19

# ਤੁਸੀਂ ਕਿਹਦੇ ਲਈ ਮਰੋਗੇ?

## (6:8-8:4)

''ਇਸਤੀਫ਼ਾਨ'' (ਅਰਥਾਤ ਸਟੀਫ਼ਨ) ਦਾ ਨਾਂ ਸੁਣ ਕੇ ਤੁਹਾਡੇ ਵਿੱਚੋਂ ਕਈ ਲੋਕ ਕਹਿਣਗੇ ਕਿ ਇਹ ਤਾਂ ''ਪਹਿਲਾ ਮਸੀਹੀ ਸ਼ਹੀਦ'' ਹੋਇਆ ਹੈ। ਅਤੇ ਜੇ ਇਹ ਪੁੱਛਿਆ ਜਾਵੇ ਕਿ ''ਪਹਿਲਾ ਮਸੀਹੀ ਸ਼ਹੀਦ'' ਕੌਣ ਹੋਇਆ ਹੈ ਤਾਂ ਬਹੁਤੇ ਲੋਕ ਇਸਤੀਫ਼ਾਨ ਦਾ ਨਾਂ ਹੀ ਲੈਣਗੇ। ਇਸਤੀਫ਼ਾਨ ਦਾ ਨਾਂ ਯਿਸੂ ਵਾਸਤੇ ਮਰਨ ਵਾਲਿਆਂ ਵਿੱਚੋਂ ਸਾਡੇ ਦਿਮਾਗ਼ ਵਿਚ ਪਹਿਲਾਂ ਹੀ ਆਵੇਗਾ। ਇਸਤੀਫ਼ਾਨ ਬਾਰੇ ਅਸੀਂ ਹੋਰ ਕੀ ਜਾਣਦੇ ਹਾਂ? ਭਲਾ ਸਾਨੂੰ ਪਤਾ ਹੈ ਕਿ ਉਹ ਆਪਣੇ ਈਮਾਨ ਲਈ *ਕਿਉਂ* ਮਰਿਆ ਸੀ? ਸਾਨੂੰ ਆਪਣੀ ਮਸੀਹੀ ਵਿਰਾਸਤ ਵਿਚ ਦਿੱਤੇ ਗਏ ਉਹਦੇ ਯੋਗਦਾਨ ਬਾਰੇ ਕੁਝ ਪਤਾ ਹੈ?

ਇਸਤੀਫ਼ਾਨ ਅਸਮਾਨੋਂ ਟੁੱਟਣ ਵਾਲੇ ਤਾਰੇ ਵਾਂਗ ਹੈ, ਜੋ ਅਕਾਸ਼ ਵਿਚ ਚਮਕਦਾ ਹੈ ਅਤੇ ਫਿਰ ਗਾਇਬ ਹੋ ਜਾਂਦਾ ਹੈ। ਉਹਦੇ ਨਾਲ ਸਾਡੀ ਜਾਣ ਪਛਾਣ ਅਧਿਆਇ 6 ਵਿਚ ਖੁਆਉਣ ਪਿਆਉਣ ਦੀ ਸੇਵਾ ਕਰਨ ਲਈ ਚੁਣੇ ਜਾਣ ਵਾਲੇ ਸੇਵਕ ਦੇ ਰੂਪ ਵਿਚ ਕਰਵਾਈ ਜਾਂਦੀ ਹੈ। ਅਧਿਆਇ 7 ਦੇ ਅਖ਼ੀਰ ਤਕ ਉਹਦੀ ਮੌਤ ਹੋ ਜਾਂਦੀ ਹੈ। ਐਨੇ ਘੱਟ ਸਮੇਂ ਵਿਚ ਉਹਨੂੰ ਖ਼ੁਦਾ ਵੱਲੋਂ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਬੜੇ ਜ਼ਬਰਦਸਤ ਢੰਗ ਨਾਲ ਵਰਤਿਆ ਜਾਂਦਾ ਹੈ।

ਉਹਦੇ ਮਾਤਾ ਪਿਤਾ ਵੱਲੋਂ ਦਿੱਤਾ ਗਿਆ ਇਹ ਨਾਂਅ ਉਹਦੇ ਫ਼ਤਿਹਮੰਦ ਅੰਤ ਦਾ ਪਹਿਲਾਂ ਤੋਂ ਅੰਦਾਜ਼ਾ ਸੀ। ''ਤਾਜ'' ਲਈ ਨਵੇਂ ਨੇਮ ਵਿਚ ਦੋ ਸ਼ਬਦਾਂ ਦੀ ਵਰਤੋਂ ਹੋਈ ਹੈ ਉਨ੍ਹਾਂ ਵਿੱਚੋਂ ਇਕ *diadema* ਹੈ ਜਿਸ ਤੋਂ ਮੁਕਟ (ਰਾਜਿਆਂ ਤੇ ਸਿਰਾਂ ਤੇ ਰੱਖਣ ਵਾਲੇ ਤਾਜ ਵਾਂਗ [ਪ੍ਰਕਾਸ਼ ਦੀ ਪੋਥੀ 19:12]) ਵਾਲੇ ਅਰਥ ਦਾ ਅੰਗ੍ਰੇਜ਼ੀ ਸ਼ਬਦ ''ਡਾਇਆਡੀਮ'' ਨਿੱਕਲਿਆ ਹੈ-ਅਤੇ *stephanos* ਅਰਥਾਤ ਜਿੱਤ ਦਾ ਤਾਜ (ਜਿਵੇਂ ਉਲੰਪਿਕ ਖੇਡਾਂ ਵਿਚ ਜੇਤੂਆਂ ਦੇ ਸਿਰਾਂ ਤੇ ਰੱਖਿਆ ਜਾਂਦਾ ਹੈ)। ਦੂਜੇ ਸ਼ਬਦ (ਇਸਤੀਫ਼ਾਨ) ਦੀ ਵਰਤੋਂ ਪ੍ਰਕਾਸ਼ ਦੀ ਪੋਥੀ 2:10 ਵਿਚ ਕੀਤੀ ਗਈ ਹੈ: ''ਤੂੰ ਮਰਨ ਤੋੜੀ ਵਫ਼ਾਦਾਰ ਰਹਿ ਤਾਂ ਮੈ ਤੈਨੂੰ ਜੀਵਨ ਦਾ ਮੁਕਟ ਦਿਆਂਗਾ।'' ਇਸਤੀਫ਼ਾਨ ਮਰਨ ਤਕ ਵਫ਼ਾਦਾਰ ਰਿਹਾ *ਸੀ* ਅਤੇ ਉਹਦੇ ਜੀਵਨ ਨੂੰ ਫ਼ਤਿਹ ਦੇ ਮੁਕਟ ਨਾਲ ਸਜਾਇਆ ਗਿਆ *ਸੀ* !

ਇਸ ਅਤੇ ਅਗਲੇ ਦੋ ਪਾਠਾਂ ਦੇ ਬਾਅਦ ਉਮੀਦ ਹੈ ਕਿ ਅਸੀਂ ਇਸਤੀਫ਼ਾਨ ਅਤੇ ਉਹਦੇ ਕੰਮ ਬਾਰੇ ਚੰਗੀ ਤਰ੍ਹਾਂ ਸਮਝ ਜਾਵਾਂਗੇ। ਮੈਨੂੰ ਇਹ ਵੀ ਉਮੀਦ ਹੈ ਕਿ ਉਹਦੀ ਉਦਾਹਰਣ ਤੋਂ ਅਸੀਂ ਆਪਣੀਆਂ ਜ਼ਿੰਦਗੀਆਂ ਨੂੰ ਹੋਰ ਵੀ ਨਜ਼ਦੀਕ ਤੋਂ ਵੇਖ ਸਕਾਂਗੇ। ਇਸਤੀਫ਼ਾਨ ਆਪਣੇ ਵਿਸ਼ਵਾਸ ਲਈ ਮਰਨ ਲਈ ਤਿਆਰ ਸੀ। ਅਸੀਂ ਕਿਹਦੇ ਲਈ ਮਰਨਾ ਚਾਹਾਂਗੇ?

## ਵਿਚਾਰ ਕਰਨ ਯੋਗ ਵਿਸ਼ਵਾਸ (6:8-12)

ਕਹਾਣੀ ਦੀ ਸ਼ੁਰੂਆਤ 6:8 ਤੋਂ ਹੁੰਦੀ ਹੈ: ''ਇਸਤੀਫ਼ਾਨ ਕਿਰਪਾ (''ਵਿਸ਼ਵਾਸ''; KJV) ਅਰ ਸ਼ਕਤੀ ਨਾਲ ਭਰਪੂਰ ਹੋ ਕੇ ਵੱਡੇ ਅਚੰਭੇ ਅਤੇ ਨਿਸ਼ਾਨ ਲੋਕਾਂ ਦੇ ਵਿਚ ਕਰਦਾ ਸੀ।''[1] ਇਸਤੀਫ਼ਾਨ ਦੀ ਇਹ ਪਛਾਣ ਇਕ ਖ਼ਾਸ ਮਹੱਤਵ ਵਾਲੀ ਹੈ, ਜਿਵੇਂ ਲੂਈਸ ਫ਼ੋਸਟਰ ਨੇ ਟਿੱਪਣੀ ਕੀਤੀ ਹੈ:

> ਅਜੇ ਤਕ, ਰਸੂਲਾਂ ਦੇ ਕੰਮ ਕਿਤਾਬ ਵਿਚ ਸਿਰਫ਼ ਰਸੂਲਾਂ ਦੇ ਅਚਰਜ ਕੰਮਾਂ ਦੀ ਗੱਲ ਹੀ ਦੱਸੀ ਗਈ ਸੀ (2:43; 3:4-8; 5:12)। ਪਰ, ਰਸੂਲਾਂ ਦੇ ਹੱਥ ਰੱਖਣ ਦੇ ਬਾਅਦ, ਹੁਣ ਇਸਤੀਫ਼ਾਨ ਨੂੰ ਵੀ ਅਚੰਭੇ ਕੰਮ ਕਰਦਿਆਂ ਵਿਖਾਇਆ ਗਿਆ ਹੈ। ਛੇਤੀ ਹੀ ਫ਼ਿਲਿੱਪੁਸ ਵੀ ਇਸੇ ਤਰ੍ਹਾਂ ਕਰੇਗਾ (8:6)।[2]

ਪਹਿਲਾਂ ਸਾਨੂੰ ਦੱਸਿਆ ਗਿਆ ਸੀ ਕਿ ਇਸਤੀਫ਼ਾਨ ਵਿਸ਼ਵਾਸ (6:5), ਬੁੱਧ (6:3) ਅਤੇ ਪਵਿੱਤਰ ਆਤਮਾ ਨਾਲ ਭਰਪੂਰ ਸੀ (6:3, 5)। ਹੁਣ ਅਸੀਂ ਪੜ੍ਹਦੇ ਹਾਂ ਕਿ ਉਹ ''(ਪ੍ਰਮੇਸ਼ਵਰ ਦੀ) ਕਿਰਪਾ[3] ਅਤੇ ਸ਼ਕਤੀ ਨਾਲ ਭਰਪੂਰ'' ਸੀ। ਉਹ ਪ੍ਰਮੇਸ਼ਵਰ ਨਾਲ ਅਤੇ ਜੋ ਕੁਝ ਉਸ ਨਾਲ ਸਬੰਧਿਤ ਹੈ, ਭਰਪੂਰ ਭਾਵ ਉਹਦੇ ਵੱਸ ਵਿਚ ਸੀ!

ਇਸਤੀਫ਼ਾਨ ਨੂੰ ਖੁਆਉਣ ਪਿਆਉਣ ਦੀ ਖ਼ਾਸ ਸੇਵਕਾਈ ਮਿਲੀ ਸੀ। ਪਰ ਉਹਨੇ ਇਸ ਨੂੰ ਪ੍ਰਮੇਸ਼ਵਰ ਦੇ ਦਿੱਤੇ ਹੋਏ ਹੋਰ ਦਾਨਾਂ ਦੀ ਵਰਤੋਂ ਨਾ ਕਰਨ ਲਈ ਕੋਈ ਬਹਾਨਾ ਨਹੀਂ ਬਣਾਇਆ।[4] ਉਹਨੇ ਲੋਕਾਂ ਨੂੰ ਚੰਗਾ ਕੀਤਾ ਅਤੇ ਦੂਸਰਿਆਂ ਨੂੰ ਯਿਸੂ ਬਾਰੇ ਦੱਸਿਆ। ਇੱਥੋਂ ਤਕ ਵਚਨ ਦੱਸਦਾ ਹੈ ਕਿ ਲੋਕਾਂ ਵਿਚ ਸਿੱਖਿਆ ਦਾ ਕੰਮ ਰਸੂਲਾਂ ਰਾਹੀਂ ਹੈਕਲ ਵਿਚ ਹੀ ਹੋ ਰਿਹਾ ਸੀ।[5] ਹੁਣ ਇਸਤੀਫ਼ਾਨ ਯਿਸੂ ਦੇ ਸੰਦੇਸ਼ ਨੂੰ ਬੜੀ ਦਲੇਰੀ ਨਾਲ ਸਮਾਜ (ਯਹੂਦੀ ਪ੍ਰਾਰਥਨਾ ਭਵਨ) ਵਿਚ ਲੈ ਗਿਆ। ਅਸੀਂ ਪੜ੍ਹਦੇ ਹਾਂ, ''ਪਰ ਉਸ ਸਮਾਜ ਵਿੱਚੋਂ ਜੋ ਲਿਬਰਤੀਨੀਆਂ ਦੀ ਕਹਾਉਂਦੀ ਹੈ ਅਰ ਕੁਰੇਨੀਆਂ ਅਤੇ ਸਿਕੰਦਰੀਆਂ ਵਿੱਚੋਂ ਅਤੇ ਉਨ੍ਹਾਂ ਵਿੱਚੋਂ ਜਿਹੜੇ ਕਿਲਿਕੀਆ ਅਤੇ ਅਸੀਆ ਤੋਂ ਆਏ ਸਨ ਕਈ ਕੁ ਆਦਮੀ ਉੱਠ ਕੇ ਇਸਤੀਫ਼ਾਨ ਨਾਲ ਬਹਿਸ ਕਰਨ ਲੱਗੇ'' (ਆਇਤ 9)।

ਰਸੂਲਾਂ ਦੇ ਕੰਮ ਕਿਤਾਬ ਵਿਚ ਸਿਨਾਗੋਗ ਜਾਂ ਸਮਾਜ ਦਾ ਇਹ ਪਹਿਲਾ ਜ਼ਿਕਰ ਹੈ। ਯਹੂਦੀਆਂ ਦੇ ਇਹ ਪ੍ਰਾਰਥਨਾ ਭਵਨ ਬਾਬੁਲ ਦੀ ਗੁਲਾਮੀ ਸਮੇਂ ਬਣੇ ਸਨ, ਜਦ ਯਹੂਦੀ ਲੋਕ ਹੈਕਲ ਵਿਚ ਬੰਦਗੀ ਨਹੀਂ ਕਰ ਸਕਦੇ ਸਨ।[6] ਰਸੂਲਾਂ ਦੇ ਸਮੇਂ ਵਿਚ ਪੂਰੇ ਰੋਮੀ ਸਾਮਰਾਜ ਵਿਚ ਇਹ ਸਿਨਾਗੋਗ ਥਾਂ-ਥਾਂ ਮਿਲ ਜਾਂਦੇ ਸਨ। ਯਰੂਸ਼ਲਮ ਵਿਚ ਹੀ ਸੈਂਕੜੇ ਸਨ।[7] ਉਸ ਵਿਸ਼ੇਸ਼ ਸਿਨਾਗੋਗ [ਜਿਸ ਦਾ ਪੰਜਾਬੀ ਅਨੁਵਾਦ ਸਮਾਜ ਹੋਇਆ ਹੈ-ਅਨੁਵਾਦਕ] ਨੂੰ ਜਿੱਥੇ ਇਸਤੀਫ਼ਾਨ ਖੁਸ਼ਖ਼ਬਰੀ ਲੈ ਕੇ ਗਿਆ ''ਲਿਬਰਤੀਨੀਆਂ ਦੀ ਸਿਨਾਗੋਗ'' ਕਿਹਾ ਜਾਂਦਾ ਸੀ;[8] ਇਸ ਸਿਨਾਗੋਗ ਦੇ ਮੈਂਬਰ ਉਹ ਲੋਕ ਸਨ ਜੋ ਗੁਲਾਮੀ ਤੋਂ ਅਜ਼ਾਦ ਹੋਏ ਸਨ।[9] ਕਈ ਕੁਰੇਨੇ[10] ਜਾਂ ਸਿਕੰਦਰੀਆ ਤੋਂ ਸਨ, ਇਹ ਦੋਵੇਂ ਥਾਂ ਭੂਮੱਧ ਸਾਗਰ ਦੇ ਦੱਖਣ ਵੱਲ, ਉੱਤਰੀ ਅਫ਼ਰੀਕਾ ਵਿਚ ਸਨ। ਹੋਰ ਕਿਲਿਕੀਆ ਜਾਂ ਏਸ਼ੀਆ ਵਿਚ ਸਨ। ਇਹ ਦੋਵੇਂ ਥਾਂ ਸਮੁੰਦਰ ਦੇ ਉੱਤਰ ਵੱਲ ਏਸ਼ੀਆ ਮਾਈਨਰ ਵਿਚ ਸਨ।[11] ਫ਼ਲਸਤੀਨ ਤੋਂ ਕੋਈ ਨਹੀਂ ਸੀ; ਇਸਤੀਫ਼ਾਨ ਵਾਂਗ ਯੂਨਾਨੀ ਭਾਸ਼ਾ ਬੋਲਣ ਵਾਲੇ ਸਭ ਯਹੂਦੀ ਸਨ,[12] ਮਸੀਹੀ ਬਣਨ ਤੋਂ ਪਹਿਲਾਂ ਸ਼ਾਇਦ ਇਸਤੀਫ਼ਾਨ ਵੀ ਇਸੇ ਸਿਨਾਗੋਗ ਵਿਚ ਬੰਦਗੀ ਲਈ ਆਉਂਦਾ ਸੀ।

ਲੂਕਾ ਨੇ ਕੁਰੇਨੇ, ਸਿਕੰਦਰੀਆ, ਕਿਲਿਕੀਆ ਅਤੇ ਏਸ਼ੀਆ ਦਾ ਜ਼ਿਕਰ ਸ਼ਾਇਦ ਇਸ ਲਈ

ਕੀਤਾ ਕਿਉਂਕਿ ਉਨ੍ਹਾਂ ਥਾਂਵਾਂ ਤੋਂ ਆਏ ਲੋਕਾਂ ਨੇ ਰਸੂਲਾਂ ਦੇ ਕੰਮ ਕਿਤਾਬ ਵਿਚ ਮੁੱਖ ਪਾਤਰ ਬਣਨਾ ਸੀ।[13] ਇਸਤੀਫ਼ਾਨ ਬੀ ਦਾ ਛੱਟਾ ਦੇ ਰਿਹਾ ਸੀ, ਜਿਹਨੇ ਇਕ ਦਿਨ ਦਰਖਤ ਬਣ ਕੇ ਫ਼ਲ ਦੇਣਾ ਸੀ। ਲੂਕਾ ਵੱਲੋਂ ਦੱਸਿਆ ਗਿਆ ਇਕ ਬੇਹੱਦ ਅਹਿਮ ਥਾਂ ਕਿਲਿਕੀਆ ਹੈ। ਕਿਲਿਕੀਆ ਦੀ ਰਾਜਧਾਨੀ ਤਰਸੁਸ ਸੀ ਅਤੇ ਤਰਸੁਸ ਦਾ ਇਕ ਜਵਾਨ ਜਿਹਦਾ ਨਾਂਅ ਸੌਲੁਸ ਸੀ, ਜੋ ਹੁਣ ਯਰੂਸ਼ਲਮ ਵਿਚ ਹੀ ਰਹਿੰਦਾ ਸੀ (7:58; 22:3)। ਸੌਲੁਸ ਉਸੇ ਪ੍ਰਾਰਥਨਾ ਭਵਨ ਵਿਚ ਸੇਵਾ ਕਰਦਾ ਹੋਵੇਗਾ, ਜਿੱਥੇ ਦੂਸਰੇ ਕਿਲਿਕੀਆ ਵਾਸੀ ਬੰਦਗੀ ਲਈ ਆਉਂਦੇ ਸਨ। ਹੋ ਸਕਦਾ ਹੈ ਕਿ ਇਸਤੀਫ਼ਾਨ ਦੇ ਯਿਸੂ ਬਾਰੇ ਦੱਸਣ ਲਈ ਆਉਣ ਸਮੇਂ ਉਹ ਉੱਥੇ ਹੀ ਹੋਵੇ।[14]

ਸਾਨੂੰ ਪੱਕਾ ਨਹੀਂ ਪਤਾ ਕਿ ਪ੍ਰਾਰਥਨਾ ਭਵਨ ਵਿਚ ਸੰਦੇਸ਼ ਵਿਚ ਇਸਤੀਫ਼ਾਨ ਨੇ ਕੀ ਕਿਹਾ ਸੀ। ਯਕੀਨਨ ਹੀ ਉਹਦਾ ਜ਼ਿਆਦਾਤਰ ਪ੍ਰਚਾਰ 2 ਤੋਂ 4 ਅਧਿਆਇ ਵਿਚ ਰਸੂਲਾਂ ਰਾਹੀਂ ਕੀਤੇ ਗਏ ਪ੍ਰਚਾਰ ਵਾਂਗ ਹੋਵੇਗਾ। ਖ਼ੁਦਾ ਨੇ ਸ਼ਾਇਦ ਇਸਤੀਫ਼ਾਨ ਦੇ ਮੂਹੋਂ ਉਨ੍ਹਾਂ ਸਿੱਟਿਆਂ ਨੂੰ, ਜਿਹਦਾ ਅਰਥ ਸਪਸ਼ਟ ਤਾਂ ਸੀ ਪਰ ਐਲਾਨੀਆ ਨਹੀਂ ਸੀ।[15] ਪਤਰਸ ਅਤੇ ਦੂਜੇ ਰਸੂਲਾਂ ਨੇ ਇਹ ਜ਼ੋਰ ਦੇ ਕੇ ਕਿਹਾ ਸੀ ਕਿ ਯਿਸੂ ਦੇ ਸਿਵਾਏ ਕਿਸੇ ਹੋਰ ਰਾਹੀਂ ਮੁਕਤੀ ਨਹੀਂ ਹੈ (4:12)। ਸ਼ਾਇਦ ਇਸਤੀਫ਼ਾਨ ਨੇ ਸਾਫ਼ ਨਿਚੋੜ ਕੱਢਦਿਆਂ ਕਿ ਯਹੂਦੀ ਲੋਕ ਖ਼ੁਦਾ ਦੇ ਚੁਣੇ ਲੋਕ ਹੋਣ ਦੇ ਅਧਾਰ ਤੇ ਜਾਂ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਅਤੇ ਬਾਈਬਲ ਤੋਂ ਬਾਹਰ ਦੀਆਂ ਯਹੂਦੀ ਪਰੰਪਰਾਵਾਂ, ਯਾਨੀ ਹੈਕਲ ਵਿਚ ਬੰਦਗੀ ਕਰਨ ਦੇ ਅਧਾਰ ਤੇ ਮੁਕਤੀ ਨਹੀਂ ਪਾ ਸਕਦੇ।[16]

ਇਸਤੀਫ਼ਾਨ ਦਾ ਸੰਦੇਸ਼ ਜੋ ਵੀ ਹੋਵੇ, ਉਹਦੇ ਨਾਲ ਪ੍ਰਾਰਥਨਾ ਭਵਨ (ਸਮਾਜ ਜਾਂ ਸਿਨਾਗੋਗ) ਵਿਚ ਕਈਆਂ ਦਾ ਗੁੱਸਾ ਭੜਕ ਉੱਠਿਆ:[17] ''ਲੋਕਾਂ ਵਿੱਚੋਂ ਕਈ ਉੱਠ ਕੇ ਇਸਤੀਫ਼ਾਨ ਨਾਲ ਬਹਿਸ ਕਰਨ ਲੱਗੇ।'' ਸੌਲੁਸ, ਜੋ ਕਿ ਨੌਜਵਾਨ ਯਹੂਦੀ ਬੁੱਧੀਜੀਵੀਆਂ ਵਿੱਚੋਂ ਸਿਰ ਕੱਢ ਸੀ, ਇਸਤੀਫ਼ਾਨ ਨੂੰ ਗੱਲਾਂ ਨਾਲ ਸ਼ਾਂਤ ਕਰਨ ਦੀ ਕੋਸ਼ਸ਼ ਕਰਨ ਵਾਲਿਆਂ ਵਿੱਚੋਂ ਇਕ ਹੋਵੇਗਾ। ਪਰ ਇਸਤੀਫ਼ਾਨ ਆਪਣੀ ਗੱਲ ਤੋਂ ਟਲਿਆ ਨਹੀਂ, ਉਹ ਡਟਿਆ ਰਿਹਾ (ਵੇਖੋ 1 ਕੁਰਿੰਥੀਆਂ 1:11; ਤੀਤੁਸ 3:9)। ਲੜਾਕਾ ਅਤੇ ਸੰਘਰਸ਼ ਕਰਨ ਵਾਲਾ ਹੋਣ ਵਿਚ ਫ਼ਰਕ ਹੈ। ਯਹੂਦਾ ਨੇ ਲਿਖਿਆ ਹੈ ਕਿ ''ਨਿਹਚਾ ਦੇ ਲਈ ... ਯਤਨ'' (ਯਹੂਦਾ 3) ਕਰਨਾ ਜ਼ਰੂਰੀ ਹੈ। ਪਤਰਸ ਨੇ ਲਿਖਿਆ ਹੈ ਕਿ ''ਮਸੀਹ ਨੂੰ ਪ੍ਰਭੂ ਕਰਕੇ ਆਪਣੇ ਹਿਰਦੇ ਵਿੱਚ ਪਵਿੱਤਰ ਮੰਨੋ ਅਤੇ ਜਿਹੜੀ ਤੁਹਾਨੂੰ ਆਸ ਹੈ ਤੁਸੀਂ ਹਰੇਕ ਨੂੰ ਜੋ ਤੁਹਾਡੇ ਕੋਲੋਂ ਉਹਦਾ ਕਾਰਣ ਪੁੱਛੇ ਉੱਤਰ ਦੇਣ ਨੂੰ ਸਦਾ ਤਿਆਰ ਰਹੋ ਪਰ ਨਰਮਾਈ ਅਤੇ ਭੈ ਨਾਲ'' (1 ਪਤਰਸ 3:15)। ਕੁਝ ਲੋਕ ਆਖ਼ਦੇ ਹਨ ਕਿ ਧਾਰਮਿਕ ਬਹਿਸ ਦਾ ਜ਼ਮਾਨਾ ਬੀਤ ਗਿਆ ਹੈ। ਰੁੱਖੀ, ਕੁਧਰਮੀ ਅਤੇ ਗੈਰ ਮਸੀਹੀ ਬਹਿਸਾਂ ਦਾ ਜ਼ਮਾਨਾ ਨਹੀਂ ਰਿਹਾ। ਪਰ ''ਨਰਮਾਈ ਅਤੇ ਭੈ'' ਨਾਲ ਕੀਤੀਆਂ ਜਾਣ ਵਾਲੀਆਂ ਬਹਿਸਾਂ ਕਦੇ ਖ਼ਤਮ ਨਹੀਂ ਹੋਣਗੀਆਂ।

ਇਸਤੀਫ਼ਾਨ ਇਕੱਲਾ ਸੀ, ਜਦ ਕਿ ਉਹਦੇ ਵਿਰੋਧੀ ਬਹੁਤ ਸਨ। ਉਹ ਉਸ ਤੇ ਸਵਾਲਾਂ, ਤਰਕਾਂ, ਇਤਰਾਜ਼ਾਂ ਦਾ ਹਰ ਪਾਸਿਓਂ ਮੀਂਹ ਵਰ੍ਹਾ ਰਹੇ ਹੋਣਗੇ। ਅਜਿਹੇ ਹਲਾਤ ਵਿਚ ਸੱਚਾਈ ਦੀ ਪੈਰਵੀ ਕਰਨਾ ਕਿੰਨਾ ਔਖਾ ਹੁੰਦਾ ਹੈ! ਰਸੂਲਾਂ ਦੇ ਕੰਮ 6:10 ਕਹਿੰਦਾ ਹੈ, ''ਪਰ ਉਹ ਉਸ ਬੁੱਧ ਅਰ ਆਤਮਾ ਦਾ[18] ਜਿਹਦੇ ਨਾਲ ਉਹ ਗੱਲਾਂ ਕਰਦਾ ਸੀ ਸਾਹਮਣਾ ਨਾ ਕਰ ਸਕੇ।'' ਅਧਿਆਇ 7 ਵਿਚ ਇਸਤੀਫ਼ਾਨ ਦੇ ਉਪਦੇਸ਼ ਤੋਂ ਪਤਾ ਲਗਦਾ ਹੈ ਕਿ ਉਹਨੇ ਆਪਣੇ ਵਿਰੋਧੀਆਂ ਨੂੰ ਕਿਵੇਂ ਜਵਾਬ ਦਿੱਤਾ। ਉਹਨੇ ਜੋ ਕੁਝ ਵੀ ਦੱਸਿਆ ਉਹਦੇ ਲਈ ਪੁਰਾਣੇ ਨੇਮ ਦੇ ''ਅਧਿਆਇ ਅਤੇ ਆਇਤ''[19] ਦਾ ਹਵਾਲਾ ਦਿੱਤਾ! ਉਨ੍ਹਾਂ ਨੇ ਆਪਣੀਆਂ ਹੀ ਲਿਖਤਾਂ ਨਾਲ

ਬਹਿਸ ਕਿਵੇਂ ਕਰ ਲਈ?

ਇਸਤੀਫ਼ਾਨ ਦੀ ਇਲਾਹੀ ਬੁੱਧ ਤੋਂ ਹਾਰਨ ਵਾਲਿਆਂ ਵਿਚ ਸੌਲੁਸ ਵੀ ਸੀ, ਜਿਸਨੂੰ ਆਪਣੀ ਹਾਰ ਤੋਂ ਡੂੰਘੀ ਸੱਟ ਵੱਜੀ ਹੋਵੇਗੀ ਜਿਸ ਨਾਲ ਯਿਸੂ ਦੇ ਸਭ ਚੇਲਿਆਂ ਲਈ ਉਹਦੇ ਮਨ ਵਿਚ ਨਫ਼ਰਤ ਦੀ ਪਹਿਲਾਂ ਤੋਂ ਬਲ ਰਹੀ ਅੱਗ ਵਿਚ ਘਿਓ ਦਾ ਕੰਮ ਕੀਤਾ ਹੋਵੇਗ![20] (ਮੈਂ ਕਲਪਨਾ ਕਰ ਸਕਦਾ ਹਾਂ ਕਿ ਇਕ ਦਿਨ ਪੌਲੁਸ ਲੂਕਾ ਨੂੰ ਸਿਰ ਹਿਲਾਉਂਦਿਆਂ ਅਤੇ ਇਹ ਕਹਿੰਦਿਆਂ ਦੱਸ ਰਿਹਾ ਹੈ, ''ਮੈਂ ਬਾਈਬਲ ਦੀ ਹਰ ਆਇਤ ਅਤੇ ਹਰ ਢੰਗ ਜਿਹੜਾ ਮੈਨੂੰ ਗਮਲੀਏਲ ਨੇ ਸਿਖਾਇਆ ਸੀ, ਵਰਤ ਲਿਆ, ਪਰ ਇਸਤੀਫ਼ਾਨ ਨੇ *ਮੈਨੂੰ ਹਰਾ*ਹੀ ਦਿੱਤਾ!'')

ਜਦ ਉਹ ਇਸਤੀਫ਼ਾਨ ਨੂੰ ਗੱਲਾਂ ਨਾਲ ਚੁੱਪ ਨਹੀਂ ਕਰਾ ਸਕੇ ਤਾਂ ਕਈ ਲੋਕਾਂ ਨੇ ਹਰ ਹਾਲ ਵਿਚ ਕਿਸੇ ਵੀ ਤਰੀਕੇ ਉਹਨੂੰ ਚੁੱਪ ਕਰਾਉਣ ਦਾ ਤਹੱਈਆ ਕਰ ਲਿਆ ਹੋਵੇਗਾ।[21] ''ਫਿਰ ਉਨ੍ਹਾਂ ਨੇ ਮਨੁੱਖਾਂ ਨੂੰ ਗੱਠਿਆ ਜਿਹੜੇ ਬੋਲੇ ਭਈ ਅਸਾਂ ਇਹ ਨੂੰ ਮੂਸਾ ਦੇ ਅਤੇ ਪ੍ਰਮੇਸ਼ਵਰ ਦੇ ਵਿਰੁੱਧ ਕੁਫ਼ਰ[22] ਬਕਦੇ ਸੁਣਿਆ'' (ਆਇਤ 11)। ਯੂਨਾਨੀ ਸ਼ਬਦ ਦਾ ਅਨੁਵਾਦ ''ਗੱਠਿਆ'' ਦਾ ਮੂਲ ਅਰਥ ਹੈ ''ਮੇਜ਼ ਦੇ ਹੇਠੋਂ ਦੀ।'' ਇਸਤੀਫ਼ਾਨ ਦੇ ਮੁਖ਼ਾਲਫ਼ਾਂ ਨੇ ਧੋਖੇ ਦੀ ਵਰਤੋਂ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੂੰ ਨਜਾਇਜ਼ ਤੌਰ ਤੇ ਧਨ ਦਿੱਤਾ ਗਿਆ ਸੀ ਭਾਵ ਗਵਾਹਾਂ ਨੂੰ ਰਿਸ਼ਵਤ ਦਿੱਤੀ ਗਈ ਹੋਵੇਗੀ।

ਪਤਰਸ ਅਤੇ ਦੂਜੇ ਰਸੂਲਾਂ ਦੀਆਂ ਪਿਛਲੀਆਂ ਸੁਣਵਾਈਆਂ ਵਿਚ ਅਸੀਂ ਵੇਖਿਆ ਸੀ ਕਿ ਯਿਸੂ ਨੂੰ ਮੁਜਰਮ ਠਹਿਰਾਉਣ ਲਈ ਵਰਤੇ ਗਏ ਦਾਅ ਹੀ ਖੇਡੇ ਗਏ ਸਨ। ਇਸਤੀਫ਼ਾਨ ਨੂੰ ਸਭਾ ਦੇ ਸਾਹਮਣੇ ਲਿਆਉਂਦਿਆਂ ਇੰਜ ਹੀ ਹੋਇਆ ਹੋਵੇਗਾ। ਕਿਉਂਕਿ ਇਸਤੀਫ਼ਾਨ ਦੇ ਦੁਸ਼ਮਣਾਂ ਵਾਂਗ ਹੀ ਮਸੀਹ ਦੇ ਦੁਸ਼ਮਣ ਵੀ ''ਯਿਸੂ ਦੇ ਵਿਰੁੱਧ ਉਹ ਦੇ ਜਾਨੋਂ ਮਾਰਨ ਲਈ ਝੂਠੀ ਗਵਾਹੀ ਢੂੰਡਦੇ ਸਨ'' (ਮੱਤੀ 26:59)। ਇਸਤੀਫ਼ਾਨ ਦੇ ਖ਼ਿਲਾਫ਼ ਲਾਏ ਗਏ ਇਲਜ਼ਾਮ ਝੂਠੇ ਸਨ (ਵੇਖੋ 6:13), ਜੋ ਕਿ ਉਹਦੇ ਸ਼ਬਦਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਕਰਕੇ ਸਨ। ਉਹ ਇਹ ਤਾਂ ਸਿਖਾਉਂਦਾ ਸੀ ਕਿ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਨਾਲ ਕਿਸੇ ਦੀ ਮੁਕਤੀ ਨਹੀਂ ਹੋ ਸਕਦੀ, ਪਰ ਉਹਨੇ ਮੂਸਾ ਦੇ ਖਿਲਾਫ਼ *ਕੁਫ਼ਰ* ਨਹੀਂ ਬੋਲਿਆ ਸੀ। ਇਸੇ ਕਰਕੇ ਉਹਨੇ ਯਕੀਨਨ ਹੀ ਕਦੇ ਖ਼ੁਦਾ ਦੇ ਖਿਲਾਫ਼ ਵੀ ਕੁਫ਼ਰ ਨਹੀਂ ਬੋਲਿਆ ਸੀ!

ਪਰ, ਇਸਤੀਫ਼ਾਨ ਦੇ ਖ਼ਿਲਾਫ਼ ਲਹਿਰ ਚਲਾਉਣ ਲਈ ਇਹ ਇਲਜ਼ਾਮ ਕਾਫ਼ੀ ਸਨ। ''ਤਦ ਉਨ੍ਹਾਂ ਨੇ ਲੋਕਾਂ ਅਤੇ ਬਜ਼ੁਰਗਾਂ ਅਤੇ ਗ੍ਰੰਥੀਆਂ ਨੂੰ ਉਭਾਰਿਆ ਅਰ ਉਸ ਉੱਤੇ ਚੜ੍ਹ ਆਏ''[23] (ਆਇਤ 12)। ਹੁਣ ਤਕ ਸਦੂਕੀ ਲੋਕ ਭਾਵੇਂ ਜੀ ਉੱਠਣ ਦਾ ਪ੍ਰਚਾਰ ਕਰਨ ਕਰਕੇ ਮਸੀਹੀ ਲੋਕਾਂ ਤੋਂ ਨਫ਼ਰਤ ਕਰਦੇ ਸਨ ਪਰ ਮਸੀਹ ਦੇ ਚੇਲਿਆਂ ਨੂੰ ਪੂਰੀ ਯਹੂਦੀ ਕੌਮ ਵੱਲੋਂ ਮਾਣ ਦਿੱਤਾ ਜਾਂਦਾ ਸੀ।[24] ਹੁਣ ਹਲਾਤ ਬਦਲ ਗਏ:[25] ''ਅਤੇ [ਜਦ ਉਹ ਪ੍ਰਚਾਰ ਕਰ ਰਿਹਾ ਸੀ ਅਤੇ ਲੋਕਾਂ ਨੂੰ ਚੰਗਾਈ ਦੇ ਰਿਹਾ ਸੀ; ਵੇਖੋ 6:8, 10] ਤਾਂ ਉਹ ਉਸ ਨੂੰ ਫੜ੍ਹ ਕੇ ਮਹਾਂ ਸਭਾ ਵਿਚ ਲੈ ਗਏ''[26] (ਆਇਤ 12)।

## ਵਿਸ਼ਵਾਸ ਜਿਹਦਾ ਬਚਾਅ ਕੀਤਾ ਜਾਣਾ ਯੋਗ ਹੈ (6:13–7:53)

ਇਕ ਵਾਰ ਫੇਰ ਯਿਸੂ ਦਾ ਇਕ ਚੇਲਾ ਸ਼ਕਤੀਸ਼ਾਲੀ ਮਹਾਂਸਭਾ ਦੇ ਸਾਹਮਣੇ ਖੜਾ ਹੋਇਆ।[27] ਇਸਤੀਫ਼ਾਨ ਨੂੰ ਫੜ੍ਹ ਕੇ ਲੈ ਜਾਣ ਵਾਲਿਆਂ ਨੇ ਉੱਥੇ ਹੀ ਆਪਣੀਆਂ ਗਵਾਹੀਆਂ

ਦੇਣ ਵਿਚ ਕੋਈ ਮੌਕਾ ਨਹੀਂ ਗਵਾਇਆ:

> ਉਨ੍ਹਾਂ ਨੇ ਝੂਠੇ ਗਵਾਹਾਂ ਨੂੰ ਖੜੇ ਕੀਤਾ ਜੋ ਬੋਲੇ ਭਈ ਇਹ ਮਨੁੱਖ ਇਸ ਪਵਿੱਤਰ ਅਸਥਾਨ ਅਤੇ ਸ਼ਰ੍ਹਾ ਦੇ ਵਿਰੁੱਧ ਬੋਲਣ ਤੋਂ ਨਹੀਂ ਹਟਦਾ। ਅਸਾਂ ਤਾਂ ਉਹ ਨੂੰ ਇਹ ਆਖਦੇ ਸੁਣਿਆ ਹੈ ਭਈ ਇਹ ਯਿਸੂ ਨਾਸਰੀ ਇਸ ਅਸਥਾਨ ਨੂੰ ਢਾਹ ਦਏਗਾ ਅਤੇ ਜਿਹੜੀਆਂ ਰੀਤਾਂ ਮੂਸਾ ਨੇ ਸਾਨੂੰ ਸੌਂਪੀਆਂ ਉਨ੍ਹਾਂ ਨੂੰ ਬਦਲ ਦਏਗਾ (6:13, 14)।[28]

ਉਨ੍ਹਾਂ ਨੇ ਇਕ ਗੱਲ ਸਹੀ ਕਹੀ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸਤੀਫ਼ਾਨ ਉਸ ਯਿਸੂ ਬਾਰੇ "ਬੋਲਣ ਤੋਂ ਨਹੀਂ" ਹਟਦਾ ਸੀ, ਜਿਸ ਨੂੰ ਉਹ ਪਿਆਰ ਕਰਦਾ ਸੀ। ਬਾਕੀ ਯਿਸੂ ਦੇ ਸਭ ਸ਼ਬਦਾਂ ਨੂੰ (ਜੋ ਇਸਤੀਫ਼ਾਨ ਨੇ ਦੁਹਰਾਏ ਹੋਣਗੇ) ਜਾਣ ਬੁੱਝ ਕੇ ਗ਼ਲਤ ਢੰਗ ਨਾਲ ਦੱਸਿਆ ਜਾਣਾ ਸੀ। ਯਿਸੂ ਨੇ ਕਿਹਾ ਸੀ ਕਿ ਯਹੂਦੀ ਲੋਕ ਆਪਣੀਆਂ ਰੀਤਾਂ ਕਾਰਣ ਪ੍ਰਮੇਸ਼ਵਰ ਦੇ ਹੁਕਮਾਂ ਨੂੰ ਤੋੜਦੇ ਹਨ (ਤੁਲਨਾ ਮੱਤੀ 15:3)। ਯਿਸੂ ਨੇ ਕਿਹਾ ਸੀ ਕਿ ਹੈਕਲ ਨੂੰ ਢਾਹ ਦਿੱਤਾ ਜਾਵੇਗਾ (ਮੱਤੀ 24:1, 2)।[29] ਯਿਸੂ ਨੇ ਨਾ ਤਾਂ ਇਹ ਕਿਹਾ ਸੀ ਕਿ ਉਹ ਹੈਕਲ ਨੂੰ ਨਾਸ ਕਰੇਗਾ ਅਤੇ ਨਾ ਹੀ ਉਸ ਸਿੱਖਿਆ ਦੇ ਖ਼ਿਲਾਫ਼ ਕਦੇ ਕੁਝ ਕਿਹਾ ਸੀ, ਜੋ ਸੱਚਮੁੱਚ ਮੂਸਾ ਰਾਹੀਂ ਦਿੱਤੀ ਗਈ ਸੀ।

ਅਦਾਲਤ ਵਿਚ ਗੰਭੀਰ ਇਲਜ਼ਾਮ ਲੱਗਣ ਦੇ ਬਾਅਦ ਅਸੀਂ ਖ਼ੁਦ ਹੀ ਮੁੜ ਕੇ ਮੁਜਰਮ ਦੀ ਪ੍ਰਤੀਕ੍ਰਿਆ ਜਾਣਨ ਲਈ ਉਹਦੇ ਵੱਲ ਵੇਖਦੇ ਹਾਂ (ਸ਼ਾਇਦ ਇਸ ਉਮੀਦ ਨਾਲ ਕਿ ਉਹਦੇ ਚਿਹਰੇ ਤੋਂ ਪਤਾ ਲੱਗ ਜਾਵੇਗਾ ਕਿ ਉਹ ਮੁਜਰਮ ਹੈ)। ਇਸਤੀਫ਼ਾਨ ਦੇ ਖ਼ਿਲਾਫ਼ ਇਲਜ਼ਾਮ ਲਾਉਣ ਦੇ ਬਾਅਦ ਸਭਾ ਵਿਚ ਮੌਜੂਦ ਸਭ ਲੋਕਾਂ ਨੇ "ਉਹਦੀ ਵੱਲ ਧਿਆਨ ਕੀਤਾ ਤਾਂ ਉਹਦਾ ਮੂੰਹ … ਡਿੱਠਾ।" ਉਨ੍ਹਾਂ ਨੂੰ ਕੀ ਦਿਸਣ ਦੀ ਉਮੀਦ ਸੀ? ਇਹ ਕਿ ਉਹ ਮੁਜਰਮ ਹੈ? ਇਹ ਕਿ ਉਹ ਸਹਿਮਿਆ ਹੋਇਆ ਹੈ? ਇਹ ਕਿ ਉਹ ਡਰਿਆ ਹੋਇਆ ਲੱਗ ਰਿਹਾ ਹੋਵੇ? ਉਨ੍ਹਾਂ ਨੂੰ ਚਾਹੇ ਜੋ ਵੀ ਆਸ ਹੋਵੇ, ਪਰ ਨਜ਼ਰ ਉਨ੍ਹਾਂ ਨੂੰ ਕੁਝ ਹੋਰ ਹੀ ਆਇਆ। "ਜਾਂ ਉਨ੍ਹਾਂ ਸਭਨਾਂ ਨੇ ਜਿਹੜੇ ਮਹਾਂ ਸਭਾ ਵਿੱਚ ਬੈਠੇ ਸਨ ਉਹ ਦੀ ਵੱਲ ਧਿਆਨ ਕੀਤਾ ਤਾਂ ਉਹ ਦਾ ਮੂੰਹ ਦੂਤ ਦੇ ਮੂੰਹ ਵਰਗਾ ਡਿੱਠਾ" (6:15)। ਭਲਾ ਇਹਦਾ ਮਤਲਬ ਇਹ ਹੈ ਕਿ ਉਹ ਸ਼ਾਂਤ ਅਤੇ ਬੇਫ਼ਿਕਰ ਸੀ? ਭਲਾ ਇਹਦਾ ਮਤਲਬ ਇਹ ਹੈ ਕਿ ਖ਼ੁਦਾ ਦਾ ਨੂਰ ਉਹਦੇ ਚਿਹਰੇ ਤੇ ਉਵੇਂ ਹੀ ਸੀ ਜਿਵੇਂ ਪਹਾੜ ਤੋਂ ਹੇਠਾਂ ਆਉਣ ਸਮੇਂ ਮੂਸਾ ਦੇ ਚਿਹਰੇ ਤੇ ਸੀ (ਕੂਚ 34:29), ਜਾਂ ਜਿਵੇਂ ਪਹਾੜ ਤੇ ਰੂਪ ਬਦਲਣ ਸਮੇਂ ਯਿਸੂ ਦੇ ਚਿਹਰੇ ਤੇ ਸੀ (ਮੱਤੀ 17:2)?[30] ਸਾਨੂੰ ਪਤਾ ਲਗ ਸਕਦਾ ਹੈ ਕਿ ਆਪਣੇ ਪਾਪ ਨੂੰ ਮੰਨ ਕਰਕੇ ਕੰਬਣ ਦੀ ਬਜਾਏ ਉਨ੍ਹਾਂ ਨੇ ਇਕ ਰੂਪ ਬਦਲੇ ਹੋਏ ਮਸੀਹੀ ਨੂੰ ਵੇਖਿਆ ਸੀ!

ਮਹਾਯਾਜਕ[31] ਨੇ ਛੇਤੀ ਹੀ ਉੱਥੇ ਜਾ ਕੇ ਇਸਤੀਫ਼ਾਨ ਤੋਂ ਪੁੱਛਿਆ ਕਿ ਉਹਦੇ ਤੇ ਲਾਏ ਗਏ ਇਲਜ਼ਾਮ ਸਹੀ ਹਨ: "ਇਹ ਗੱਲਾਂ ਇਵੇਂ ਹੀ ਹਨ?" (ਰਸੂਲਾਂ ਦੇ ਕੰਮ 7:1)। ਸ਼ਰ੍ਹਾ ਮੁਤਾਬਕ, ਇਸਤੀਫ਼ਾਨ ਨੂੰ ਜਵਾਬ ਦੇਣ ਦੀ ਲੋੜ ਨਹੀਂ ਸੀ। ਉਹ ਜਵਾਬ ਦੇਣ ਦੇ ਖ਼ਤਰੇ ਤੋਂ ਵਾਕਫ਼ ਹੀ ਹੋਵੇਗਾ। ਪਰ ਫਿਰ ਵੀ ਰਸੂਲਾਂ ਵਾਂਗ ਲੋਕਾਂ ਦੀਆਂ ਰੂਹਾਂ ਬਚਾਉਣ ਦੀ ਕੋਸ਼ਿਸ਼ ਵਿਚ ਉਹਨੇ ਵੀ ਪ੍ਰਚਾਰ ਕਰਨ ਲਈ ਮਿਲੇ ਮੌਕੇ ਦੀ ਵਰਤੋਂ ਕੀਤੀ।

7:2-53 ਵਿਚ ਇਸਤੀਫ਼ਾਨ ਦੀ ਸਫ਼ਾਈ ਇਕ ਉਪਦੇਸ਼ ਦੇ ਰੂਪ ਵਿਚ ਹੈ। ਇਸ ਉਪਦੇਸ਼ ਵਿਚ ਇਸਤੀਫ਼ਾਨ ਨੇ ਲਾਏ ਗਏ ਇਲਜ਼ਾਮਾਂ ਦੇ ਖਿਲਾਫ਼ ਸਫ਼ਾਈ ਤਾਂ ਦਿੱਤੀ ਹੀ, ਉਹਨੇ ਗੱਲ ਨੂੰ ਸਿਰੇ ਲਾ ਕੇ ਕਿਹਾ ਕਿ ਮੁਜਰਮ ਉਹ ਨਹੀਂ ਸਗੋਂ ਉਸ ਤੇ ਇਲਜ਼ਾਮ ਲਾਉਣ ਵਾਲੇ ਹੀ ਹਨ। ਉਹ ਉਸੇ ਗੱਲ ਦੇ ਦੋਸ਼ੀ ਸਨ ਜਿਹਦੇ ਲਈ ਉਨ੍ਹਾਂ ਨੇ ਉਸ ਤੇ ਇਲਜ਼ਾਮ ਲਾਇਆ ਸੀ। ਤੌਬਾ

ਕਰਕੇ ਖ਼ੁਦਾ ਵੱਲ ਮੁੜ ਆਉਣ ਦੀ ਲੋੜ ਉਹਨੂੰ ਨਹੀਂ ਸਗੋਂ ਉਨ੍ਹਾਂ ਨੂੰ ਹੀ ਸੀ। ਆਪਣੇ ਅਗਲੇ ਪਾਠ ਵਿਚ ਅਸੀਂ ਇਸ ਉਪਦੇਸ਼ ਦਾ ਵਿਸਤਾਰ ਨਾਲ ਅਧਿਐਨ ਕਰਾਂਗੇ; ਹੁਣ ਲਈ ਅਸੀਂ ਕੰਬਣੀ ਲਿਆ ਦੇਣ ਵਾਲੇ ਇਸ ਨਿਚੋੜ ਤੇ ਧਿਆਨ ਦਿੰਦੇ ਹਾਂ:

> ਹੇ ਹਠੀ ਅਤੇ ਮਨ ਅਰ ਕੰਨ ਦੇ ਬੇ ਸੁੰਨਤੀ ਲੋਕੋ, ਤੁਸੀਂ ਸਦਾ ਪਵਿੱਤਰ ਆਤਮਾ ਦਾ ਸਾਹਮਣਾ ਕਰਦੇ ਹੋ! ਜਿਵੇਂ ਤੁਹਾਡੇ ਪਿਉ ਦਾਦਿਆਂ ਨੇ ਕੀਤਾ ਤਿਹਾ ਤੁਸੀਂ ਵੀ ਕਰਦੇ ਹੋ। ਨਬੀਆਂ ਵਿੱਚੋਂ ਕਿਹ ਨੂੰ ਤੁਹਾਡੇ ਪਿਉ ਦਾਦਿਆਂ ਨੇ ਨਹੀਂ ਸਤਾਇਆ? ਸਗੋਂ ਉਨ੍ਹਾਂ ਨੇ ਉਸ ਧਰਮੀ ਦੇ ਆਉਣ ਦੀ ਖ਼ਬਰ ਦੇਣ ਵਾਲਿਆਂ ਨੂੰ ਵੱਢ ਸੁੱਟਿਆ ਜਿਹ ਦੇ ਹੁਣ ਤੁਸੀਂ ਫੜਵਾਉਣ ਵਾਲੇ ਅਤੇ ਖੂਨੀ ਹੋਏ (7:51-53)।

ਇਹ ਗੱਲਾਂ ਕਹਿੰਦਿਆਂ ਇਸਤੀਫ਼ਾਨ ਨੂੰ ਪਤਾ ਸੀ ਕਿ ਉਹ ਕੀ ਜੋਖ਼ਮ ਚੁੱਕ ਰਿਹਾ ਹੈ। ਉਹਦੀਆਂ ਗੱਲਾਂ ਨਾਲ ਨਵੀਂ ਜ਼ਿੰਦਗੀ ਜਾਂ ਤਿਆਗੇ ਜਾਣਾ, ਛੁਟਕਾਰਾ ਜਾਂ ਮੌਤ, ਮੁਕਤੀ ਜਾਂ ਪਥਰਾਅ ਹੋ ਸਕਦਾ ਸੀ।

## ਵਿਸ਼ਵਾਸ ਜਿਹਦੇ ਲਈ ਮਰਨਾ ਯੋਗ ਹੈ (7:54-60)

ਨਵੀਂ ਜ਼ਿੰਦਗੀ ਤਾਂ ਨਹੀਂ ਸੀ। ਆਇਤ 54 ਵਿਚ ਲਿਖਿਆ ਹੈ, ''ਇਹ ਗੱਲਾਂ ਸੁਣਦੇ ਹੀ ਉਹ ਮਨ ਵਿਚ ਸੜ ਗਏ ... ।'' ''ਸੜ ਗਏ'' ਵਾਕਾਂਸ਼ ਉਵੇਂ ਹੀ ਹੈ ਜਿਵੇਂ 5:33 ਵਿਚ ਮਿਲਦਾ ਹੈ। ਜਦ ਗਮਲੀਏਲ ਦੇ ਦਖ਼ਲ ਦੇਣ ਤੋਂ ਪਹਿਲਾਂ ਸਭਾ ਰਸੂਲਾਂ ਨੂੰ ਮਾਰਨ ਲਈ ਤਿਆਰ ਸੀ। ਇਹਦਾ ਸ਼ਬਦੀ ਅਰਥ ਹੈ ਕਿ ''ਉਨ੍ਹਾਂ ਦੇ ਦਿਲ ਚੀਰੇ ਗਏ ਸਨ'' ਜਿਵੇਂ ਉਹ ਆਰੇ ਨਾਲ ਕੱਟੇ ਗਏ ਹੋਣ। ਆਪਣੇ ਪਾਪਾਂ ਤੋਂ ਤੌਬਾ ਕਰਨ ਦੀ ਬਜਾਏ, ''ਉਹ ਰੋਹ ਵਿਚ ਆ ਗਏ'' ਅਤੇ ''ਉਸ ਉੱਤੇ ਦੰਦ ਪੀਹਣ ਲੱਗੇ'' (ਆਇਤ 54)। ਗੁੱਸੇ ਵਿਚ ਉਹ ਆਪਣੇ ਜਬਾੜੇ ਐਨੀ ਜ਼ੋਰ ਨਾਲ ਪੀਹ ਰਹੇ ਸਨ ਕਿ ਉਹ ਇਕ ਦੂਜੇ ਨਾਲ ਰਗੜ ਰਹੇ ਸਨ।[32] (ਵਾਕਾਂਸ਼ ''ਦੰਦਾਂ ਦਾ ਪੀਹਣਾ'' ਆਮ ਤੌਰ ਤੇ ਨਰਕ ਦੀ ਸਜ਼ਾ ਲਈ ਵਰਤਿਆ ਜਾਂਦਾ ਹੈ, ਇਸ ਲਈ ਸ਼ਾਇਦ ਲੂਕਾ ਸੁਝਾਅ ਦੇ ਰਿਹਾ ਸੀ ਕਿ ਸਭਾ ਨੇ ਉਨ੍ਹਾਂ ਵਾਂਗ ਹੀ ਕੀਤਾ ਜਿਨ੍ਹਾਂ ਦਾ ਹਮੇਸ਼ਾ ਦੀ ਅੱਗ ਦੀਆਂ ਲਪਟਾਂ ਵਿਚ ਜਾਣਾ ਤੈਅ ਸੀ![33])

ਇਸ ਵਾਰ ਨਫ਼ਰਤ ਦੀਆਂ ਲਾਟਾਂ ਨੂੰ ਸ਼ਾਂਤ ਕਰਨ ਵਾਲਾ ਕੋਈ ਗਮਲੀਏਲ ਨਹੀਂ ਸੀ।[34] ਆਪਣੇ ਆਲੇ ਦੁਆਲੇ ਭੜਕੀ ਹੋਈ ਭੀੜ ਨੂੰ ਵੇਖ ਕੇ ਇਸਤੀਫ਼ਾਨ ਨੇ ਭਾਂਪ ਲਿਆ ਹੋਵੇਗਾ ਕਿ ਮੌਤ ਆਈ ਹੀ ਆਈ। ਇਹ ਪਲ ਸਿਰਫ਼ ਧਰਤੀ ਤੇ ਹੀ ਨਹੀਂ ਸਗੋਂ ਅਸਮਾਨ ਤੇ ਵੀ ਖ਼ਾਸ ਸੀ ਅਤੇ ਖ਼ੁਦਾ ਨੇ ਇਸਤੀਫ਼ਾਨ ਨੂੰ ਡਟੇ ਰਹਿਣ ਲਈ ਵਿਸ਼ੇਸ਼ ਦਰਸ਼ਣ ਦਿੱਤਾ।[35] ਨਫ਼ਰਤ ਨਾਲ ਭਰੇ ਬਦਸੂਰਤ ਚਿਹਰੇ ਇਸਤੀਫ਼ਾਨ ਦੀਆਂ ਅੱਖਾਂ ਸਾਹਮਣਿਓਂ ਧੁੰਦਲੇ ਹੋ ਗਏ ਸਨ, ਅਤੇ ਉਹਦੀਆਂ ਅੱਖਾਂ ਵਿਚ ਪਿਆਰ ਨਾਲ ਭਰਿਆ ਇਕ ਖ਼ੂਬਸੂਰਤ ਚਿਹਰਾ ਸਮਾ ਗਿਆ ਸੀ। ''ਪਰ ਉਹ ਨੇ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਅਕਾਸ਼ ਦੀ ਵੱਲ ਨਜ਼ਰ ਲਾਈ ਹੋਈ ਪ੍ਰਮੇਸ਼ਵਰ ਦਾ ਤੇਜ ਅਤੇ ਯਿਸੂ ਨੂੰ ਪ੍ਰਮੇਸ਼ਵਰ ਦੇ ਸੱਜੇ ਹੱਥ ਖੜਾ ਵੇਖਿਆ'' (ਵੇਖੋ 7:55)। ਯਿਸੂ ਸਵਰਗ ਵਿਚ ਵਾਪਸ ਜਾ ਕੇ ਪਿਤਾ ਦੇ ਸੱਜੇ ਹੱਥ ਬੈਠ ਗਿਆ ਸੀ (ਮਰਕੁਸ 16:19; ਜ਼ਬੂਰ 110:1, 4; ਇਬਰਾਨੀਆਂ 1:13; 8:1, 2 ਵੀ ਵੇਖੋ)। ਪਰ, ਹੁਣ ਉਹ ਈਮਾਨ ਦੀ ਖ਼ਾਤਰ ਮਰਨ ਵਾਸਤੇ ਤਿਆਰ ਆਦਮੀ ਦੇ ਸਨਮਾਨ ਲਈ *ਖੜਾ ਹੋ ਗਿਆ ਸੀ*।[36]

ਇਸਤੀਫ਼ਾਨ ਨੇ ਕਿਹਾ, ''ਵੇਖੋ ਮੈਂ ਅਕਾਸ਼ ਨੂੰ ਖੁੱਲ੍ਹਾ ਅਤੇ ਮਨੁੱਖ ਦੇ ਪੁੱਤਰ[37] ਨੂੰ ਪ੍ਰਮੇਸ਼ਵਰ ਦੇ ਸੱਜੇ ਹੱਥ ਖੜਾ ਵੇਖਦਾ ਹਾਂ'' (7:56)। ਯਿਸੂ ਦੀ ਪੇਸ਼ੀ ਸਮੇਂ ਮਹਾਯਾਜਕ ਨੇ ਪੁੱਛਿਆ ਸੀ, ''ਕੀ ਤੂੰ ਮਸੀਹ ਪਰਮਧੰਨ ਦਾ ਪੁੱਤਰ ਹੈਂ?'' ਯਿਸੂ ਨੇ ਜਵਾਬ ਦਿੱਤਾ ਸੀ, ''ਮੈਂ ਹਾਂ ਅਰ ਤੁਸੀਂ ਮਨੁੱਖ ਦੇ ਪੁੱਤਰ ਨੂੰ ਕੁਦਰਤ ਦੇ ਸੱਜੇ ਹੱਥ ਬਿਰਾਜਮਾਨ ਹੋਇਆ ... ਵੇਖੋਗੇ।'' ਉਸ ਗੱਲ ਤੇ ਮਹਾਯਾਜਕ ਨੇ ਕਿੱਲ੍ਹਦੇ ਹੋਏ ਆਪਣੇ ਕੱਪੜੇ ਪਾੜ ਦਿੱਤੇ ਸਨ ਕਿ ''ਹੁਣ ਸਾਨੂੰ ਗਵਾਹਾਂ ਦੀ ਹੋਰ ਕੀ ਲੋੜ ਹੈ। ਤੁਸਾਂ ਇਹ ਕੁਫ਼ਰ ਸੁਣਿਆ'' (ਮਰਕੁਸ 14:61-63)! ਜੇ ਯਿਸੂ ਇਹ ਦਾਅਵਾ ਕਰਨ ਲਈ ਕਿ ਉਹ ਖ਼ੁਦਾ ਦੇ ਸੱਜੇ ਹੱਥ *ਬੈਠੇਗਾ,* ਕੁਫ਼ਰ ਬੋਲਣ ਦਾ ਦੋਸ਼ੀ ਸੀ ਤਾਂ ਇਸਤੀਫ਼ਾਨ ਇਹ ਕਹਿਣ ਲਈ ਕੁਫ਼ਰ ਬੋਲਣ ਦਾ ਦੋਸ਼ੀ ਸੀ ਕਿ ਯਿਸੂ ਖ਼ੁਦਾ ਦੇ ਸੱਜੇ ਹੱਥ ਬੈਠਾ ਹੈ![38]

ਯਿਸੂ ਨੂੰ ਵੇਖਣ ਦਾ ਇਸਤੀਫ਼ਾਨ ਦਾ ਦਾਅਵਾ ਇਕ ਆਖ਼ਰੀ ਤੀਲ੍ਹਾ ਸੀ![39] ਸਨਮਾਨਿਤ ਸਭਾ ਦੇ ਮੈਂਬਰਾਂ ਨੇ ਜੱਜਾਂ ਵਾਲੇ ਆਪਣੇ ਕੱਪੜੇ ਪਾਏ ''ਬੜੇ ਜ਼ੋਰ ਨਾਲ ਕਿੱਲ੍ਹਦੇ'' ਇਸਤੀਫ਼ਾਨ ਦੇ ਭੜਕੀਲੇ ਸ਼ਬਦਾਂ ਦੀ ਅਵਾਜ਼ ਸ਼ਾਂਤ ਕਰਨ ਲਈ ਆਪਣੇ ਹੱਥਾਂ ਨਾਲ ''ਕੰਨ ਬੰਦ ਕਰ ਲਏ'' ਅਤੇ ''ਇਕ ਮਨ ਹੋ ਕੇ ਉਹ ਦੇ ਉੱਤੇ ਟੁੱਟ ਪਏ'' (7:57)। ਇਹ ਸਰਵਉੱਚ ਅਦਾਲਤ ਦੇ ਮਾਣ ਯੋਗ ਜੱਜਾਂ ਦਾ ਸੀਟਾਂ ਤੋਂ ਉੱਠ ਕੇ, ਆਪਣੇ ਕਾਲੇ ਕੱਪੜਿਆਂ ਵਿੱਚੋਂ ਆਟੋਮੈਟਿਕ ਹਥਿਆਰ ਕੱਢ ਕੇ ਆਪਣੇ ਸਾਹਮਣਿਓਂ ਸਫ਼ਾਈ ਪੱਖ ਨੂੰ ਭੁੰਨ ਦੇਣ ਵਾਂਗ ਹੀ ਹੈ![40] ਜੇ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਕਿਸੇ ਆਦਮੀ ਨੇ ਨਾ ਕਿਹਾ ਹੁੰਦਾ ਕਿ ਇੰਜ ਹੀ ਹੋਇਆ ਤਾਂ ਇਸ ਦ੍ਰਿਸ਼ ਤੇ ਯਕੀਨ ਕਰਨਾ ਔਖਾ ਹੋਣਾ ਸੀ!

ਇਹਦੇ ਬਾਅਦ ਜੋ ਕੁਝ ਵੀ ਹੋਇਆ ਉਹ ਰੋਮੀ ਕਾਨੂੰਨ[41] ਅਤੇ ਯਹੂਦੀ ਸ਼ਰ੍ਹਾ[42] ਦੋਹਾਂ ਮੁਤਾਬਕ ਗੈਰਕਾਨੂੰਨੀ ਸੀ। ਇਸ ਤੋਂ ਪਹਿਲਾਂ ਰਸੂਲਾਂ ਨਾਲ ਵੀ ਇੰਜ ਹੀ ਹੋਣਾ ਸੀ ਜੇ ਗਮਲੀਏਲ ਸਭਾ ਨੂੰ ਸ਼ਾਂਤ ਨਾ ਕਰਦਾ। ''ਅਤੇ ਸ਼ਹਿਰੋਂ ਬਾਹਰ ਕੱਢ ਕੇ ਉਹ ਨੂੰ ਪਥਰਾਅ ਕੀਤਾ'' (7:58)। ਇਸਤੀਫ਼ਾਨ ਨੂੰ ਚੁੱਪ ਕਰਾਉਣ ਵਿਚ ਨਾਕਾਮ ਹੋਣ ਤੇ ਉਨ੍ਹਾਂ ਨੇ ਉਹਦੇ ਖ਼ਿਲਾਫ਼ ਝੂਠ ਬੋਲਿਆ। ਉਹਦੀਆਂ ਗੱਲਾਂ ਦਾ ਜਵਾਬ ਨਾ ਦੇਣ ਯੋਗ ਹੋਣ ਕਰਕੇ ਉਨ੍ਹਾਂ ਨੇ ਉਹਨੂੰ ਮਰਵਾ ਦਿੱਤਾ। ਸੱਚਾਈ ਨੂੰ ਦਬਾਉਣ ਲਈ ਝੂਠ ਦੀ ਇਹੀ ਪ੍ਰਤੀਕ੍ਰਿਆ ਹੁੰਦੀ ਹੈ।

ਬੇਸ਼ੱਕ, ਮੁਕੱਦਮੇ ਦੀ ਕਾਰਵਾਈ ਕਾਨੂੰਨੀ ਹੋਣ ਦਾ ਵਿਖਾਵਾ ਕੀਤਾ ਗਿਆ ਸੀ। ਇਸਤੀਫ਼ਾਨ ਨੂੰ ਕੁਫ਼ਰ ਬੋਲਣ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਕੁਫ਼ਰ ਦੀ ਸਜ਼ਾ ਪੱਥਰਵਾਹ ਕਰਕੇ ਮਾਰ ਦੇਣਾ ਸੀ (ਲੇਵੀਆਂ ਦੀ ਪੋਥੀ 24:10-23; ਵਿਵਸਥਾਸਾਰ 13:6-11)। ਇਸ ਕਰਕੇ ਉਨ੍ਹਾਂ ਨੇ ਉਸ ਤੇ ਪੱਥਰਵਾਹ ਕੀਤਾ। ਯਹੂਦੀ ਰਵਾਇਤ[43] ਮੁਤਾਬਕ ਮੌਤ ਦੀ ਸਜ਼ਾ ਸ਼ਹਿਰ ਵਿਚ ਨਹੀਂ ਦਿੱਤੀ ਜਾ ਸਕਦੀ ਸੀ, ਜਿਸ ਕਾਰਣ ਉਹ ਉਹਨੂੰ ਯਰੂਸ਼ਲਮ ਤੋਂ ਬਾਹਰ ਖਿੱਚ ਕੇ ਲੈ ਗਏ (ਵੇਖੋ 1 ਰਾਜਿਆਂ 21:13)। ਮੁਜਰਮ ਦੇ ਖ਼ਿਲਾਫ਼ ਗਵਾਹੀ ਦੇਣ ਵਾਲਾ ਹੀ ਪਹਿਲਾ ਪੱਥਰ ਮਾਰਦਾ ਸੀ (ਵਿਵਸਥਾਸਾਰ 17:7; ਵੇਖੋ ਯੂਹੰਨਾ 8:7)। ਇਸੇ ਕਰਕੇ ਅਸੀਂ ਪੜ੍ਹਦੇ ਹਾਂ ਕਿ ''ਗਵਾਹਾਂ ਨੇ ਆਪਣੇ ਬਸਤਰ ... ਲਾਹ ਕੇ ਰੱਖ ਦਿੱਤੇ'' (7:58)। ਇੰਜ ਉਹ ਅਸਾਨੀ ਨਾਲ ਪੱਥਰ ਮਾਰ ਸਕਦੇ ਸਨ।

ਉਨ੍ਹਾਂ ਨੇ ''ਆਪਣੇ ਬਸਤਰ ਸੌਲੁਸ ਨਾਮੇ ਇਕ ਜਵਾਨ[44] ਦੇ ਪੈਰਾਂ ਕੋਲ ਲਾਹ ਕੇ ਰੱਖ ਦਿੱਤੇ'' ਸਨ (7:58)। ਇੱਥੇ ਅਸੀਂ ਸੌਲੁਸ (ਜਿਹਨੂੰ ਬਾਅਦ ਵਿਚ ਪੌਲੁਸ ਦੇ ਨਾਂਅ ਨਾਲ ਜਾਣਿਆ ਜਾਣ ਲੱਗਾ) ਦੇ ਬਾਰੇ ਪਹਿਲੀ ਵਾਰ ਪੜ੍ਹਦੇ ਹਾਂ, ਪਰ ਅਸੀਂ ਸੁਝਾਅ ਦਿੱਤਾ ਹੈ ਕਿ ਸ਼ਾਇਦ ਉਹ ਯੂਨਾਨੀ ਭਾਸ਼ਾ ਬੋਲਣ ਵਾਲਿਆਂ ਦੀ ਸਮਾਜ ਵਿਚ ਇਸਤੀਫ਼ਾਨ ਨਾਲ ਬਹਿਸ

ਕਰਨ ਲਈ ਸ਼ਾਮਲ ਸੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸਤੀਫ਼ਾਨ ਦੀ ਸੁਣਵਾਈ[45] ਲਈ ਉਹ ਸਭਾ ਵਿਚ ਮੌਜੂਦ ਸੀ ਅਤੇ ਸ਼ਾਇਦ ਉਨ੍ਹਾਂ ਵਿੱਚੋਂ ਹੀ ਸੀ ਜਿਹੜੇ ਇਸਤੀਫ਼ਾਨ ਉੱਤੇ ਜੰਗਲੀ ਜਾਨਵਰਾਂ ਵਾਂਗ ਟੁੱਟ ਪਏ ਸਨ। 7:60 ਵਿਚ ਅਸੀਂ ਪੜ੍ਹਦੇ ਹਾਂ ਕਿ ''ਸੌਲੁਸ ਉਹਦੇ ਮਾਰ ਦੇਣ ਉੱਤੇ ਰਾਜ਼ੀ ਸੀ।'' ਬਾਅਦ ਵਿਚ ਇਕ ਦੁਆ ਵਿਚ ਪੌਲੁਸ ਨੇ ਕਿਹਾ, ''ਅਤੇ ਜਦ ਤੇਰੇ ਸ਼ਹੀਦ ਇਸਤੀਫ਼ਾਨ ਦਾ ਖ਼ੂਨ ਵਹਾਇਆ ਗਿਆ ਤਾਂ ਮੈਂ ਵੀ ਕੋਲ ਖੜਾ ਰਾਜ਼ੀ ਸਾਂ ਅਤੇ ਉਹਦੇ ਖ਼ੂਨੀਆਂ ਦੇ ਬਸਤਰਾਂ ਦੀ ਰਾਖੀ ਕਰਦਾ ਸਾਂ'' (22:20)।

ਗਵਾਹਾਂ ਨੇ ਆਪਣੇ ਕੱਪੜੇ ਪੌਲੁਸ ਨੂੰ ਹੀ ਰਾਖੀ ਲਈ ਕਿਉਂ ਦਿੱਤੇ ਸਨ, ਕਿਸੇ ਹੋਰ ਨੂੰ ਕਿਉਂ ਨਹੀਂ? ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸੌਲੁਸ ਉਸ ਨੂੰ ਮੌਤ ਦੇਣ ਵਾਲਿਆਂ ਦਾ ਇੰਚਾਰਜ (ਮੁਖੀ) ਸੀ; [46] ਹੋ ਸਕਦਾ ਹੈ ਕਿ ਇਹ ਸਿਰਫ਼ ਸੰਜੋਗ ਹੀ ਹੋਵੇ। ਅਸੀਂ ਇਹ ਬਿਲਕੁਲ ਨਹੀਂ ਜਾਣ ਸਕਦੇ ਕਿ ਗਵਾਹਾਂ ਨੇ ਸੌਲੁਸ ਦੇ ਕੋਲ ਆਪਣੇ ਕੱਪੜੇ ਕਿਉਂ ਰੱਖੇ। ਪਰ ਅੰਦਾਜ਼ਾ ਲਾ ਸਕਦੇ ਹਾਂ ਕਿ ਲੂਕਾ ਨੇ ਇਸ ਦਾ ਵਰਣਨ ਕਿਉਂ ਕੀਤਾ, ਸ਼ਾਇਦ ਇਹ ਵਿਖਾਉਣ ਲਈ ਕਿ ਸੌਲੁਸ ਹਰ ਗੱਲ ਵਿਚ ਕਿਵੇਂ ਸ਼ਾਮਲ ਸੀ ਅਤੇ ਉਹਦੇ ਮਨ ਵਿਚ ਸਾੜਾ ਕਿਉਂ ਸੀ (22:20; ਤੁਲਨਾ 1 ਤਿਮੋਥਿਉਸ 1:13)।

ਪੱਥਰਵਾਹ ਮੌਤ ਦੇਣ ਦਾ ਇਕ ਖ਼ਤਰਨਾਕ ਤਰੀਕਾ ਸੀ। ਜੇ ਸਭਾ ਇਸਤੀਫ਼ਾਨ ਨੂੰ ਪੱਥਰਵਾਹ ਕਰਨ ਲਈ ਸਰਕਾਰੀ ਥਾਂ ਤੇ ਲੈ ਗਈ ਤਾਂ ਉਨ੍ਹਾਂ ਨੇ ਉਸ ਨੂੰ ਇਕ ਚੋਟੀ ਤੋਂ ਹੇਠਾਂ ਸੁੱਟ ਦਿੱਤਾ ਹੋਵੇਗਾ ਅਤੇ ਫਿਰ ਵੱਡੇ ਪੱਥਰ ਉਹਦੇ ਤੇ ਸੁੱਟੇ ਹੋਣਗੇ ਜਦ ਤਕ ਆਖਰੀ ਸਾਹ ਨਿੱਕਲ ਕੇ ਉਹਦਾ ਸਰੀਰ ਫਿੱਸ ਨਹੀਂ ਗਿਆ ਹੋਵੇਗਾ।[47] ਇਹ ਇਕ ਭੜਕੀ ਹੋਈ ਭੀੜ ਦਾ ਕੰਮ ਸੀ, ਹੋ ਸਕਦਾ ਹੈ ਕਿ ਉਨ੍ਹਾਂ ਨੇ ਉਸ ਨੂੰ ਘੇਰਿਆ ਹੋਵੇ ਅਤੇ ਗਾਲਾਂ ਕੱਢਦਿਆਂ ਉਸ ਤੇ ਪੱਥਰ ਮਾਰਨ ਲੱਗ ਪਏ ਹੋਣ।

ਹਰ ਚੱਕਰਵਰਤੀ ਤੁਫ਼ਾਨ ਵਿਚ ਇਕ ''ਸਿਫ਼ਰ'' ਹੁੰਦਾ ਹੈ, ਜਿੱਥੇ ਸਾਰਾ ਵਾਤਾਵਰਣ ਸ਼ਾਂਤ ਹੁੰਦਾ ਹੈ। ਨਫ਼ਰਤ ਦੇ ਤੁਫ਼ਾਨ ਵਿਚ ਫਸਿਆ ਇਸਤੀਫ਼ਾਨ ਸ਼ਾਂਤ ਸੀ। ਉਹਦੇ ਆਖ਼ਰੀ ਪਲ ਰਸੂਲਾਂ ਦੇ ਕੰਮ 7:59, 60 ਵਿਚ ਇਸ ਤਰ੍ਹਾਂ ਦਰਜ ਕੀਤੇ ਗਏ ਹਨ:

> ਸੋ ਉਨ੍ਹਾਂ ਨੇ ਇਸਤੀਫ਼ਾਨ ਨੂੰ ਪਥਰਾਅ ਕੀਤਾ ਜੋ ਬੇਨਤੀ ਕਰਦਾ ਅਤੇ ਇਹ ਆਖਦਾ ਸੀ ਕਿ ਹੇ ਪ੍ਰਭੂ ਯਿਸੂ, ਮੇਰੀ ਆਤਮਾ ਨੂੰ[48] ਆਪਣੇ ਕੋਲ ਲੈ ਲੈ! ਫਿਰ ਉਹ ਗੋਡੇ ਟੇਕ ਕੇ[49] ਉੱਚੀ ਬੋਲਿਆ ਕਿ ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜ਼ੁੰਮੇ ਨਾ ਲਾ! ਅਤੇ ਇਹ ਕਹਿ ਕੇ ਉਹ ਸੌਂ ਗਿਆ।[50]

ਜ਼ਬਾਨ ਤੇ ਆਪਣੇ ਕਾਤਲਾਂ ਵਾਸਤੇ ਦੁਆ ਕਰਦਿਆਂ ਇਸਤੀਫ਼ਾਨ ਕਿਵੇਂ ਮਰ ਸਕਦਾ ਸੀ? ਕਿਉਂਕਿ ਉਹਨੇ ਉਹਦੇ ਆਤਮਾ ਨੂੰ ਪਾ ਲਿਆ ਸੀ ਜਿਸਨੇ ਸਲੀਬ ਉੱਤੇ ਪ੍ਰਾਰਥਨਾ ਕੀਤੀ ਸੀ ਕਿ ''ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਉਹ ਨਹੀਂ ਜਾਣਦੇ ਭਈ ਕੀ ਕਰਦੇ ਹਨ'' (ਲੂਕਾ 23:34) ਅਤੇ ਜਿਹਨੇ ਆਪਣੀ ਜਾਨ ਪ੍ਰਮੇਸ਼ਵਰ ਨੂੰ ਸੌਂਪ ਦਿੱਤੀ ਸੀ, ''ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ'' (ਲੂਕਾ 23:46)।[51] ਸੌਲੁਸ ਇਸ ਨਜ਼ਾਰੇ ਨੂੰ ਆਪਣੇ ਦਿਮਾਗ ਵਿੱਚੋਂ ਕਦੇ ਕੱਢ ਨਹੀਂ ਸਕਦਾ ਸੀ। ਬਾਅਦ ਵਿਚ ਅਗਸਟਿਨ ਨੇ ਸੁਝਾਅ ਦਿੱਤਾ ਕਿ ''ਕਲੀਸੀਆ ਨੂੰ ਪੌਲੁਸ ਦਾ ਪ੍ਰਚਾਰ ਇਸਤੀਫ਼ਾਨ ਦੀ ਦੁਆ ਕਰਕੇ ਹੀ ਮਿਲਿਆ ਹੈ।[52]

ਪਰ ਕੁਝ ਪਲ ਲਈ ਇਸਤੀਫ਼ਾਨ ਦੇ ਲਹੂ ਨਾਲ ਭੜਕਿਆ ਸੌਲੁਸ ਕਲੀਸੀਆ ਨੂੰ ਖ਼ਤਮ

ਕਰਨ ਦੀ ਧਾਰ ਕੇ ਇਕ ਜੰਗਲੀ ਜਾਨਵਰ[53] ਬਣ ਗਿਆ ਸੀ। ਇਸਤੀਫ਼ਾਨ ਦੀ ਮੌਤ ਦੇ ਵਰਣਨ ਦੇ ਫ਼ੌਰਨ ਬਾਅਦ ਅਸੀਂ ਪੜ੍ਹਦੇ ਹਾਂ:

> ਓਸੇ ਦਿਨ ਕਲੀਸੀਆ ਉੱਤੇ ਜੋ ਯਰੂਸ਼ਲਮ ਵਿੱਚ ਸੀ ਵੱਡਾ ਕਸ਼ਟ ਹੋਣ ਲੱਗਾ ਅਤੇ .... ਸੌਲੁਸ ਕਲੀਸੀਆ ਦਾ ਨਾਸ ਕਰਦਾ ਸੀ ਅਤੇ ਉਹ ਘਰਾਂ ਵਿਚ ਵੜ ਵੜ ਕੇ ਮਰਦਾਂ ਅਤੇ ਤੀਵੀਆਂ ਨੂੰ ਧੂਹ ਘਸੀਟ ਕੇ ਕੈਦ ਵਿੱਚ ਪੁਆਉਂਦਾ ਸੀ (ਰਸੂਲਾਂ ਦੇ ਕੰਮ 8:1, 3)।

ਇਸਤੀਫ਼ਾਨ ਪਹਿਲਾ ਮਸੀਹੀ ਸ਼ਹੀਦ ਜ਼ਰੂਰ ਸੀ, ਪਰ ਉਹ ਆਖ਼ਰੀ ਨਹੀਂ ਸੀ।

## ਸਾਰ

ਇਸਤੀਫ਼ਾਨ ਆਪਣੇ ਈਮਾਨ ਦੀ ਖ਼ਾਤਰ ਮਰਨ ਨੂੰ ਤਿਆਰ ਸੀ। ਮੇਰੀ ਇੱਛਾ ਹੈ ਕਿ ਅਸੀਂ ਆਪਣੇ ਆਪ ਨੂੰ ਇਹ ਸਵਾਲ ਪੁੱਛੀਏ, ''ਮੈਂ ਕਿਹਦੇ ਲਈ ਮਰਨਾ ਚਾਹਾਂਗਾ?'' ਲੋਕ ਆਪਣੇ ਦੇਸ਼ ਲਈ ਮਰਦੇ ਹਨ। ਲੋਕ ਆਪਣੇ ਪਰਿਵਾਰਾਂ ਲਈ ਮਰਦੇ ਹਨ। ਲੋਕ ਆਪਣੀ ਉਸ ਗੱਲ ਲਈ ਮਰ ਜਾਂਦੇ ਹਨ ਜਿਸ ਵਿਚ ਉਨ੍ਹਾਂ ਦਾ ਯਕੀਨ ਹੁੰਦਾ ਹੈ। ਖ਼ੁਦਾ ਦਾ ਸ਼ੁਕਰ ਹੋਵੇ ਕਿ ਇਸਤੀਫ਼ਾਨ ਵਰਗੇ ਲੋਕ ਯਿਸੂ ਵਿਚ ਆਪਣੇ ਵਿਸ਼ਵਾਸ ਵਾਸਤੇ ਮਰਨਾ ਚਾਹੁੰਦੇ ਹਨ, ਅੱਜ ਤਕ ਵੀ। ਕੀ ਤੁਸੀਂ ਆਪਣੇ ਵਿਸ਼ਵਾਸ਼ ਲਈ ਮਰਨਾ ਚਾਹੋਗੇ?

ਇਸ ਸਵਾਲ ਤੇ ਚਿੰਤਨ ਕਰਦਿਆਂ ਇਹ ਧਿਆਨ ਦਿਓ ਕਿ ਤੁਸੀਂ ਆਪਣੇ ਵਿਸ਼ਵਾਸ ਲਈ ਤਦ ਤਕ ਨਹੀਂ ਮਰ ਸਕਦੇ ਜਦ ਤਕ ਤੁਸੀਂ ਇਹਦੇ ਲਈ *ਜੀਣ* ਦੀ ਤਮੰਨਾ ਨਹੀਂ ਰੱਖਦੇ। ਇਸਤੀਫ਼ਾਨ ਦਾ ਮਸੀਹ ਵਰਗਾ ਵਿਹਾਰ ਉਹਦੇ ਸਰੀਰ ਤੇ ਪੱਥਰ ਲੱਗਣ ਨਾਲ ਅਚਾਨਕ ਨਹੀਂ ਬਣਿਆ ਸੀ। ਉਸ ਤੋਂ ਬਹੁਤ ਪਹਿਲਾਂ ਹੀ ਉਸ ਨੇ ਆਪਣੀ ਜ਼ਿੰਦਗੀ ਪ੍ਰਭੂ ਨੂੰ ਦੇ ਦਿੱਤੀ ਸੀ। ਉਸ ਨੂੰ ''ਆਤਮਾ ਅਤੇ ਬੁੱਧ ਨਾਲ ਭਰਪੂਰ,'' ''ਵਿਸ਼ਵਾਸ ਨਾਲ ਭਰਪੂਰ'' ਅਤੇ ''ਕਿਰਪਾ ਅਤੇ ਸ਼ਕਤੀ ਨਾਲ ਭਰਪੂਰ'' ਕਿਹਾ ਜਾ ਸਕਦਾ ਸੀ। ਉਹਦੀ ਫ਼ਤਹਿਮੰਦ ਮੌਤ ਵਿਚ ਫ਼ਤਹਿਮੰਦ ਜੀਵਨ ਦੀ ਇਕ ਝਲਕ ਮਿਲਦੀ ਹੈ।

ਕੀ ਤੁਸੀਂ ਆਪਣਾ ਜੀਵਨ ਯਿਸੂ ਨੂੰ ਦੇ ਦਿੱਤਾ ਹੈ? ਜੇ ਹੁਣੇ ਮਰਨਾ ਪਵੇ, ਤਾਂ ਤੁਸੀਂ ਕੀ ਦੁਆ ਕਰ ਸਕਦੇ ਹੋ, ''ਹੇ ਪ੍ਰਭੂ ਯਿਸੂ, ਮੇਰੀ ਆਤਮਾ ਨੂੰ ਕਬੂਲ ਕਰ ਲੈ'' ਅਤੇ ਇਹ *ਜਾਣ* ਸਕਦੇ ਹੋ ਕਿ ਯਿਸੂ ਬਾਹਾਂ ਫੈਲਾਈ ਤੁਹਾਨੂੰ ਕਬੂਲ ਕਰਨ ਦੀ ਉਡੀਕ ਕਰ ਰਿਹਾ ਹੈ? ਜਿੱਤ ਦਾ ਤਾਜ (2 ਤਿਮੋਥਿਉਸ 4:8; ਯੂਨਾਨੀ: *ਸਤਿਫ਼ਨਾਸ*) ਤੁਹਾਡੀ ਉਡੀਕ ਕਰ ਰਿਹਾ ਹੈ, ਜਿਵੇਂ ਇਸਤੀਫ਼ਾਨ ਲਈ ਸੀ। ਪਰ ਤਦੇ ਜੇ ਤੁਸੀਂ ਆਪਣਾ ਜੀਵਨ ਪ੍ਰਭੂ ਨੂੰ ਦੇ ਦਿਓ। ਇਸਰਾਏਲੀਆਂ ਨੇ ਖ਼ੁਦਾ ਦੇ ਭੇਜੇ ਹੋਏ ਛੁਟਕਾਰਾ ਦਵਾਉਣ ਵਾਲਿਆਂ ਨੂੰ ਨਾਮੰਜ਼ੂਰ ਕਰਕੇ ਗਲਤੀ ਕੀਤੀ ਸੀ। ਤੁਸੀਂ ਮਸੀਹ ਨੂੰ ਠੁਕਰਾਉਣ ਦੀ ਗਲਤੀ ਨਾ ਕਰਨਾ!

## ਵਿਜ਼ੁਅਲ-ਏਡ ਨੋਟਸ

ਮੇਰੇ ਦੋਸਤ, ਲੋਇ ਸਮਿੱਥ ਨੇ ਇਸਤੀਫ਼ਾਨ ਤੇ ਆਪਣੇ ਪਾਠ ਦੀ ਸ਼ੁਰੂਆਤ ਇਸਤੀਫ਼ਾਨ ਤੇ ਪੱਥਰ ਮਾਰਦਿਆਂ ਵਿਖਾ ਕੇ ਕੀਤੀ। ਇਸਤੀਫ਼ਾਨ ਦੀ ਤਸਵੀਰ ਦੇ ਉੱਪਰ ਇਹ ਸ਼ਬਦ ਸਨ

''ਇਸਤੀਫ਼ਾਨ ਨੂੰ ਪੱਥਰਾਂ ਨਾਲ ਮੌਤ ਦੇ ਘਾਟ ਉਤਾਰਿਆ ਗਿਆ।'' ਪਾਠ ਦੇ ਅਖ਼ੀਰ ਵਿਚ ਉਹਨੇ ਤਸਵੀਰ ਦੇ ਹੇਠਾਂ ਇਹ ਸ਼ਬਦ ਜੋੜ ਦਿੱਤੇ, ''ਹਾਲ ਹੀ ਵਿਚ ਅਸਾਂ ਕਿਸ ਨੂੰ ਪੱਥਰਵਾਹ ਕੀਤਾ ਹੈ?'' ਫਿਰ ਉਹਨੇ ਪੱਥਰਾਂ ਤੇ ਇਹ ਚਿਪਕਾ ਦਿੱਤਾ, ''ਦੂਜਿਆਂ ਦੇ ਬਾਰੇ ਕਹੀਆਂ ਗਈਆਂ ਝੂਠੀਆਂ ਗੱਲਾਂ,'' ''ਕੁਫ਼ਰ ਬੋਲਣਾ,'' ''ਨਫ਼ਰਤ ਨਾਲ ਭਰੀਆਂ ਗੱਲਾਂ,'' ''ਬੇਕਾਰ ਅਲੋਚਨਾ,'' ''ਫੁਸਫੁਸਾਹਟ,'' ਆਦਿ।

## ਸਰਮਨ ਨੋਟਸ

ਬਾਈਬਲ ਦੇ ਇਸ ਭਾਗ ਤੇ ਕੰਮ ਕਰਦਿਆਂ ਕਈ ਸਿਰਲੇਖ ਅਤੇ ਮੁੱਖ ਸਿਰਲੇਖ ਮੇਰੇ ਦਿਮਾਗ਼ ਵਿਚ ਆਏ। ਪਾਠ ਨੂੰ ''ਇਕ ਆਦਮੀ ਜਿਸ ਨੂੰ ਪ੍ਰਮੇਸ਼ਵਰ ਨੇ ਜਿੱਤ ਦਾ ਤਾਜ ਪੁਆਇਆ'' ਦਾ ਨਾਂ ਵੀ ਦਿੱਤਾ ਜਾ ਸਕਦਾ ਹੈ ਅਤੇ ਇਸ ਦੇ ਮੁੱਖ ਭਾਗ (1) ਇਕ ਆਦਮੀ ਅਤੇ ਉਹਦਾ ਮਿਸ਼ਨ (6:8-12); (2) ਇਕ ਆਦਮੀ ਅਤੇ ਉਹਦਾ ਸੰਦੇਸ਼ (6:13-7:53); (3) ਇਕ ਆਦਮੀ ਅਤੇ ਉਹਦਾ ਸ਼ਹੀਦ ਹੋਣਾ (7:54-60)। ਹੋ ਸਕਦੇ ਹਨ। ਪਾਠ ਨੂੰ (1) ਵਾਦ ਵਿਵਾਦ ਰਾਹੀਂ ਜਿੱਤ; (2) ਆਪਣਾ ਪੱਖ ਰੱਖਦੇ ਹੋਏ ਜਿੱਤ; (3) ਮੌਤ ਦੇ ਰਾਹੀਂ ਜਿੱਤ ਸਿਰਲੇਖਾਂ ਨਾਲ ''ਪ੍ਰਮੇਸ਼ਵਰ ਸਾਨੂੰ ਫ਼ਤਹਿ ਦਿੰਦਾ ਹੈ'' (1 ਕੁਰਿੰਥੀਆਂ 15:57) ਦਾ ਨਾਂ ਦਿੱਤਾ ਜਾ ਸਕਦਾ ਹੈ!

---

ਟਿੱਪਣੀਆਂ

[1]ਇਹ ਨਹੀਂ ਦੱਸਿਆ ਗਿਆ ਕਿ ਇਸਤੀਫ਼ਾਨ ਨੇ ਕੀ ਅਚੰਭੇ ਕੰਮ ਅਤੇ ਨਿਸ਼ਾਨ ਵਿਖਾਏ। ਅਸੀਂ ਮੰਨ ਲੈਂਦੇ ਹਾਂ ਕਿ ਉਹ ਉਸੇ ਤਰ੍ਹਾਂ ਦੇ ਹੋਣਗੇ ਜਿਹੋ ਜਿਹੇ ਰਸੂਲਾਂ ਨੇ ਕੀਤੇ ਸਨ, ਭਾਵ ਚੰਗਾਈ ਅਤੇ ਭੂਤਾਂ ਨੂੰ ਕੱਢਿਆ ਹੋਇਆ ਹੋਵੇਗਾ। ਸਾਫ਼ ਹੈ ਕਿ ਉਹਨੂੰ ਵੀ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਬੋਲਣ ਦਾ ਦਾਨ ਦਿੱਤਾ ਗਿਆ ਸੀ (ਵੇਖੋ 6:10 ਤੇ ਨੋਟਸ)। [2]ਲੂਈਸ ਫੋਸਟਰ, ਨੋਟਸ ਆੱਨ ਐਕਟਸ, *NIV ਸਟੱਡੀ ਬਾਈਬਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜੌਂਡਰਵਨ ਪਬਲਿਸਿੰਗ ਹਾਊਸ, 1985), 1654. [3]''ਕਿਰਪਾ ਨਾਲ ਭਰਪੂਰ'' ਤੋਂ ਭਾਵ ਇਹ ਹੋ ਸਕਦਾ ਹੈ ਕਿ ਇਸਤੀਫ਼ਾਨ ਫ਼ਜ਼ਲ ਨਾਲ ਭਰਿਆ ਆਦਮੀ ਸੀ, ਜਿਹਦੇ ਪੱਖ ਵਿਚ ਲੋਕ ਸਨ ਜਾਂ ਇਹ ਕਿ ਖ਼ੁਦਾ ਦਾ ਫ਼ਜ਼ਲ ਉਹਦੇ ਉੱਤੇ ਖ਼ਾਸ ਤੌਰ ਤੇ ਸੀ। ਉਹ ਫ਼ਜ਼ਲ ਨਾਲ ਭਰਿਆ *ਆਦਮੀ* ਸੀ (7:2)। ਉਹ ਸ਼ੁਰੂ ਵਿਚ ਲੋਕਾਂ ਦੇ ਪੱਖ ਵਿਚ ਖੜਾ ਹੋਇਆ *ਹੋਵੇਗਾ;* ਪਰ ਬਾਅਦ ਦੀਆਂ ਘਟਨਾਵਾਂ ਦੀ ਰੌਸ਼ਨੀ ਵਿਚ ਸ਼ਾਇਦ ਇਹ ਅਨੁਵਾਦ ਸਹੀ ਹੈ ਕਿ ਉਹ ''(ਪ੍ਰਮੇਸ਼ਵਰ ਦੀ) ਕਿਰਪਾ ਅਤੇ ਸ਼ਕਤੀ ਨਾਲ ਭਰਪੂਰ'' ਸੀ। [4]ਸਾਡੇ ਵਿੱਚੋਂ ਹਰ ਕਿਸੇ ਨੂੰ ਆਪਣੀ ਖ਼ਾਸ ਸੇਵਕਾਈ ਦੀ ਤਲਾਸ਼ ਕਰਨੀ ਚਾਹੀਦੀ ਹੈ ਭਾਵ ਪ੍ਰਭੂ ਦੀ ਕਲੀਸੀਆ ਵਿਚ ਉਸ ਖ਼ਾਸ ਕੰਮ ਦੀ ਭਾਲ ਕਰਨੀ ਚਾਹੀਦੀ ਹੈ ਜੋ ਖ਼ੁਦਾ ਨੇ ਸਾਡੇ ਲਈ ਠਹਿਰਾਇਆ ਹੈ। ਹਰ ਮੈਂਬਰ ਜੇ ਇੰਜ ਕਰੇ ਤਾਂ ਇਸ ਨਾਲ ਪ੍ਰਭੂ ਦੇ ਕੰਮ ਵਿਚ ਇਨਕਲਾਬ ਆ ਜਾਵੇਗਾ! ਪਰ, ਜੇ ਅਸੀਂ ਅਜਿਹਾ ਕਰਦੇ ਹਾਂ ਤਾਂ ਸਾਨੂੰ ਕਦੇ ਵੀ ਰਾਜ ਵਿਚ ਕੋਈ ਦੂਜਾ ਕੰਮ ਨਾ ਕਰਨ ਦਾ ਬਹਾਨਾ ਨਹੀਂ ਬਣਾਉਣਾ ਚਾਹੀਦਾ। ਸਾਨੂੰ ਸਭ ਨੂੰ ਅਸਾਨ ਹੁਕਮ ਦਿੱਤੇ ਗਏ ਹਨ, ਜਿਨ੍ਹਾਂ ਨੂੰ ਮੰਨਣਾ ਜ਼ਰੂਰੀ ਹੈ ਭਾਵੇਂ ਸਾਡੇ ਕੋਲ ਉਹੋ ਜਿਹੇ ''ਵਿਸ਼ੇਸ਼ ਦਾਨ'' ਹੋਣ ਜਾਂ ਨਾ। ਉਦਾਹਰਣ ਲਈ, ਅਸੀਂ 8:1-4 ਵਿਚ ਵੇਖਾਂਗੇ ਕਿ *ਹਰ* ਮਸੀਹੀ ਵਚਨ ਨੂੰ ਫੈਲਾਉਣ ਵਿਚ ਲੱਗਾ ਸੀ। ਮੈਨੂੰ ਯਕੀਨ ਹੈ ਕਿ ਉਨ੍ਹਾਂ ਵਿੱਚੋਂ ਹਰ ਕਿਸੇ ਨੂੰ ਖੁਸ਼ਖ਼ਬਰੀ ਦੇ ਪ੍ਰਚਾਰ ਦਾ ਖ਼ਾਸ ਤੌਰ ਤੇ ਦਾਨ ਨਹੀਂ ਮਿਲਿਆ ਸੀ। [5]ਸਿੱਖਿਆ ਘਰਾਂ ਵਿਚ ਦਿੱਤੀ ਜਾਂਦੀ ਸੀ (2:46)। [6]ਅਰਥਾਵਲੀ ਵਿਚ ਵੇਖੋ ''ਸਮਾਜ।'' [7]ਇਕ ਪ੍ਰਾਚੀਨ ਲੇਖਕ ਕਹਿੰਦਾ ਹੈ ਕਿ ਯਰੂਸ਼ਲਮ ਵਿਚ 480 ਸਿਨਾਗੋਗ ਸਨ। ਰਸੂਲਾਂ ਦੇ ਕੰਮ 6:9 ਤੋਂ ਸੰਕੇਤ ਮਿਲਦਾ ਹੈ ਕਿ ਸਮਾਜਾਂ ਜਾਂ ਸਿਨਾਗੋਗਾਂ ਦੀ ਸ਼ੁਰੂਆਤ ਵੱਖ ਵੱਖ ਦੇਸ਼ਾਂ ਦੇ ਲੋਕਾਂ ਦੀ ਮਦਦ ਲਈ ਸੀ ਤਾਂ ਜੋ ਉਹ ਉੱਥੇ ਅਰਾਮ ਮਹਿਸੂਸ ਕਰ ਸਕਣ। ਵਿਦਵਾਨ ਲੋਕ ਆਇਤ 9 ਵਿਚ ਦਿੱਤੇ ਹਰ ਸਮੂਹ ਲਈ ਪੰਜ ਸਿਨਾਗੋਗ

ਤਕ ਲੱਭ ਲੈਂਦੇ ਹਨ। ਹੋ ਸਕਦਾ ਹੈ ਕਿ ਇਸਤੀਫ਼ਾਨ ਯਿਸੂ ਦੀ ਕਹਾਣੀ ਦੱਸਣ ਲਈ ਯੂਨਾਨੀ ਭਾਸ਼ਾ ਦੇ ਲੋਕਾਂ ਤੋਂ ਇਕ ਤੋਂ ਵੱਧ ਸਮਾਜਾਂ (ਸਿਨਾਗੋਗਾਂ) ਵਿਚ ਗਿਆ ਹੋਵੇ। ਮੂਲ ਲਿਖਤ ਵਿਚ ''ਸਮਾਜ'' ਲਈ ਇਕਵਚਨ ਦੀ ਵਰਤੋਂ ਹੁੰਦੀ ਹੈ, ਇਸ ਲਈ ਇਸ ਪਾਠ ਵਿਚ ਇੱਕੋ ਦੀ ਹੀ ਗੱਲ ਕੀਤੀ ਜਾਵੇਗੀ।[8]ਪੰਜਾਬੀ ਦਾ ਇਹ ਅਨੁਵਾਦ KJV ਤੋਂ ਲਿਆ ਗਿਆ ਲਗਦਾ ਹੈ ਜਿਸ ਦਾ ਮੂਲ ਅਰਥ ਧਾਰਮਿਕ ਵਿਸ਼ਿਆਂ ਬਾਰੇ ਉਦਾਰਵਾਦੀ ਵਿਚਾਰ ਵਾਲੇ ਹਨ, ਪਰ ਅੱਜ ਇਹਦੀ ਵਰਤੋਂ ਉਨ੍ਹਾਂ ਲੋਕਾਂ ਲਈ ਹੁੰਦੀ ਹੈ ਜੋ ਬਿਨਾਂ ਕਿਸੇ ਨੈਤਿਕ ਸੰਜਮ ਦੇ ਰਹਿੰਦੇ ਹਨ। ਇਸ ਲਈ, ''ਅਜ਼ਾਦ ਗੁੱਟ'' ਦਾ ਅਨੁਵਾਦ ਹੀ ਮੰਨਣ ਯੋਗ ਹੈ।[9]ਜਾਂ ਤਾਂ ਉਹ ਜਾਂ ਉਨ੍ਹਾਂ ਦੇ ਪਿਓ ਦਾਦੇ ਗੁਲਾਮ ਸਨ। ਯਹੂਦੀਆਂ ਦੀ ਕਾਫ਼ੀ ਗਿਣਤੀ ਰੋਮੀ ਸੈਨਾਪਤੀ ਪੌਂਪੇ ਨੇ ਕੈਦ ਕੀਤੀ ਸੀ ਅਤੇ ਬਾਅਦ ਵਿਚ ਉਨ੍ਹਾਂ ਨੂੰ ਰੋਮ ਵਿਚ ਛੱਡ ਦਿੱਤਾ। ਹੋਰ ਗੁਲਾਮ ਯਹੂਦੀ ਵੀ ਬਾਅਦ ਦੇ ਸਾਲਾਂ ਵਿਚ ਛੱਡ ਦਿੱਤੇ ਗਏ। [10]ਸ਼ਮਊਨ ਕੁਰੇਨੀ ਯਿਸੂ ਦੀ ਸਲੀਬ ਚੁੱਕ ਕੇ ਗਿਆ ਸੀ (ਲੂਕਾ 23:26)।

[11]ਇਹ ਥਾਂ ਇਕ ਦੂਜੇ ਤੋਂ ਬਹੁਤ ਦੂਰ ਹਨ ਅਤੇ (ਸ਼ਾਇਦ) ਇਨ੍ਹਾਂ ਦਾ ਆਪਸ ਵਿਚ ਘੱਟ ਹੀ ਸਬੰਧ ਹੋਵੇ, ਜਿਸ ਕਰਕੇ ਕਈ ਲੋਕ ਇਹ ਜ਼ਿਦ ਕਰਦੇ ਹਨ ਕਿ ਇੱਥੇ ਘੱਟੋ ਘੱਟ ਦੋ ਸਮਾਜਾਂ ਦਾ ਦ੍ਰਿਸ਼ ਹੈ: ਇਕ ਉਨ੍ਹਾਂ ਲਈ ਜੋ ਸਮੁੰਦਰ ਦੇ ਦੱਖਣ ਵਾਲੇ ਪਾਸੇ ਰਹਿੰਦੇ ਸਨ ਅਤੇ ਦੂਜਾ ਉਨ੍ਹਾਂ ਲਈ ਜੋ ਸਮੁੰਦਰ ਦੇ ਉੱਤਰ ਵਾਲੇ ਪਾਸੇ ਰਹਿੰਦੇ ਸਨ। ਪਰ ਜੇ ਸਭ ਅਜ਼ਾਦੀ ਪਾਏ ਹੋਏ ਸਨ, ਤਾਂ ਜ਼ਰੂਰ ਹੀ ਉਨ੍ਹਾਂ ਦਾ ਕੁਝ ਸਾਂਝਾ ਹੋਵੇਗਾ।[12]6:1 ਤੇ ਨੋਟਸ ਵੇਖੋ।[13]ਕੁਰੇਨੀ ਲੋਕ ਅੰਤਾਕੀਆ ਵਿਚ ਖੁਸ਼ਖ਼ਬਰੀ ਲੈ ਗਏ (11:20)। ਅੱਪੁਲੋਸ ਸਿਕੰਦਰੀਆ ਦਾ ਰਹਿਣ ਵਾਲਾ ਸੀ (18:24)। ਪੌਲੁਸ ਦੀ ਬਾਅਦ ਦੀ ਗ੍ਰਿਫ਼ਤਾਰੀ ਲਈ ਅਸੀਆ ਦੇ ਯਹੂਦੀ ਜ਼ਿੰਮੇਵਾਰ ਸਨ (21:27; 24:18, 19)। (ਭਲਾ ਇਨ੍ਹਾਂ ਵਿੱਚੋਂ ਉਹ ਵੀ ਹੋ ਸਕਦੇ ਹਨ ਜਿਨ੍ਹਾਂ ਨੇ ਇਸਤੀਫ਼ਾਨ ਨੂੰ ਪਰੇਸ਼ਾਨ ਕੀਤਾ ਸੀ?) [14]ਕਈਆਂ ਨੇ ਇਹ ਸੰਭਾਵਨਾ ਜ਼ਾਹਰ ਕੀਤੀ ਹੈ ਕਿ ਜਵਾਬ ਦੇਣ ਲਈ ਸਮਾਜ ਦੇ ਆਗੂਆਂ ਨੇ ਸੌਲੁਸ ਨੂੰ ਸੱਦਿਆ ਸੀ। ਇਹਦੀ ਕਾਫ਼ੀ ਸੰਭਾਵਨਾ ਹੈ ਕਿ ਕਿਲਿਕੀਆ ਤੋਂ ਹੋਣ ਕਰਕੇ ਸੌਲੁਸ ਦਾ ਉੱਥੇ ਹੋਣਾ ਕੁਦਰਤੀ ਸੀ। [15]ਕਲੀਸੀਆ ਦੀ ਸ਼ੁਰੂਆਤੀ ਦਿਨਾਂ ਵਿਚ ਇਕ ਵਕਤ ਥੋੜ੍ਹਾ (ਜਾਂ ਕਾਫ਼ੀ) ਲੋੜ ਮੁਤਾਬਕ, ਜ਼ਾਹਰ ਕਰ ਦਿੰਦਾ ਸੀ। ਅਧਿਆਇ 10 ਵਿਚ ਪਤਰਸ ਨੂੰ ਦਿੱਤੇ ਗਏ ਦਰਸ਼ਨ ਤੇ ਧਿਆਨ ਦਿਓ। ਪਰ ਅਖ਼ੀਰ ਵਿਚ, ਖ਼ੁਦਾ ਨੇ ਆਪਣਾ ਮੁਕਾਸ਼ਫ਼ਾ ਪੂਰਾ ਕਰ ਲਿਆ ਸੀ (ਯਹੂਦਾ 3), ਅੱਜ ਸਾਨੂੰ ਬਾਰ ਬਾਰ ਮੁਕਾਸ਼ਫ਼ਾ ਨਹੀਂ ਮਿਲਦਾ।[16]ਧਿਆਨ ਦਿਓ ਕਿ ਇਸਤੀਫ਼ਾਨ ਦੇ ਖ਼ਿਲਾਫ਼ ਲਾਏ ਗਏ ਇਲਜ਼ਾਮਾਂ ਦਾ ਸਬੰਧ ਮੂਸਾ ਅਤੇ ਖ਼ੁਦਾ ਦੇ ਖ਼ਿਲਾਫ਼ ਅਤੇ ਹੈਕਲ ਅਤੇ ਸ਼ਰ੍ਹਾ ਦੇ ਖ਼ਿਲਾਫ਼ ਬੋਲਣ ਬਾਰੇ ਸੀ (6:11, 13, 14)। ਇਲਜ਼ਾਮ ਝੂਠੇ ਸਨ, ਪਰ ਝੂਠ ਨੂੰ ਪ੍ਰਭਾਵੀ ਵਿਖਾਉਣ ਲਈ ਉਨ੍ਹਾਂ ਨੂੰ ਸੱਚ ਦੀ ਲੋੜ ਸੀ। ਇਨ੍ਹਾਂ ਝੂਠਾਂ ਅਤੇ ਅਧਿਆਇ 7 ਵਿਚ ਇਸਤੀਫ਼ਾਨ ਦੀ ਸਫ਼ਾਈ ਤੋਂ ਕੁਝ ਸੰਕੇਤ ਮਿਲਦੇ ਹਨ ਕਿ ਜਿਸ ਗੱਲ ਦਾ ਇਸਤੀਫ਼ਾਨ ਪ੍ਰਚਾਰ ਕਰ ਰਿਹਾ ਸੀ ਉਹ ਲੋਕਾਂ ਵਿਚ ਕਿੰਨੀ ਨਾਪਸੰਦ ਸੀ।[17]ਇਸਤੀਫ਼ਾਨ ਦੇ ਸੰਦੇਸ਼ ਦੀਆਂ ਗੱਲਾਂ ਇਹ ਤੱਥ ਹੈ ਕਿ ਬਹੁਤ ਸਾਰੇ ਯਾਜਕ ਇਸ ਵਿਸ਼ਵਾਸ ਨੂੰ ਮੰਨਣ ਵਾਲੇ ਹੋ ਗਏ (6:7), ਜਿਸ ਨਾਲ ਹਲਾਤ ਖ਼ਤਰਨਾਕ ਹੋ ਗਏ। [18]ਬਹੁਤ ਪੁਰਾਣੀਆਂ ਹੱਥ ਲਿਖਤਾਂ ਜਾਂ ਤਾਂ ਸਭ ਵੱਡੇ ਅੱਖਰਾਂ ਵਿਚ ਹਨ ਜਾਂ ਸਭ ਛੋਟੇ ਅੱਖਰਾਂ ਵਿਚ। ਇਸ ਲਈ ਪਤਾ ਨਹੀਂ ਕਿ ਇਸ ਦਾ ਮਤਲਬ ਇਸਤੀਫ਼ਾਨ ਦੀ ਆਤਮਾ ਹੈ ਜਾਂ ਪਵਿੱਤਰ ਆਤਮਾ। ਲਗਦਾ ਹੈ ਕਿ ਸੰਦਰਭ ਇਸ ਵਿਚਾਰ ਦੇ ਪੱਖ ਵਿਚ ਹੈ ਕਿ ਇਸਤੀਫ਼ਾਨ ਨੇ ਆਪਣੀ ਬਹਾਦਰੀ ਨਾਲ ਨਹੀਂ ਸਗੋਂ ਖ਼ੁਦਾ ਦੀ ਮਦਦ ਨਾਲ ਇਹ ਜਿੱਤ ਹਾਸਲ ਕੀਤੀ ਸੀ। ਅੰਗ੍ਰੇਜ਼ੀ ਦੇ ਬਹੁਤ ਸਾਰੇ ਅਨੁਵਦਾਂ ਵਿਚ ਆਤਮਾ ਲਈSpirit ਦਾ ਪਹਿਲਾ ਅੱਖਰ (S) ਵੱਡਾ ਹੈ। [19]ਬੇਸ਼ਕ ਇਸਤੀਫ਼ਾਨ ਦੇ ਸਮੇਂ ਪੁਰਾਣਾ ਨੇਮ ਅਧਿਆਇਆਂ ਅਤੇ ਆਇਤਾਂ ਵਿਚ ਨਹੀਂ ਵੰਡਿਆ ਗਿਆ ਸੀ। ਵਾਕਾਂਸ਼ ''ਅਧਿਆਇ ਅਤੇ ਆਇਤ'' ਤੋਂ ਭਾਵ ਸਿਰਫ਼ ਇਹ ਹੈ ਕਿ ਇਸਤੀਫ਼ਾਨ ਨੇ ਆਪਣੇ ਤਰਕਾਂ ਲਈ ਲਿਖਤ ਦਾ ਸਹਾਰਾਲਿਆ। [20]ਮਸੀਹੀ ਲੋਕਾਂ ਪ੍ਰਤੀ ਸੌਲੁਸ ਦੀ ਨਫ਼ਰਤ ਰਾਤੋ ਰਾਤ ਨਹੀਂ ਵਧੀ ਸੀ। ਇਸਤੀਫ਼ਾਨ ਦਾ ਪ੍ਰਚਾਰ ਅਤੇ ਇਸਤੀਫ਼ਾਨ ਦਾ ਉਨ੍ਹਾਂ ਨੂੰ ਲਾਜਵਾਬ ਕਰਨ ਵਾਲਾ ਜਵਾਬ ਯਿਸੂ ਦੇ ਨਾਂਅ ਦੇ ਖਿਲਾਫ਼ ਪਾਗਲਪਨ ਦੀ ਹੱਦ ਤਕ ਸੌਲੁਸ ਦੀ ਨਫ਼ਰਤ ਲਈ ਮੀਲ ਦਾ ਪੱਥਰ ਬਣ ਗਿਆ ਹੋਵੇਗਾ।

[21]ਮੈਂ ਨਹੀਂ ਮੰਨਦਾ ਕਿ ਸੌਲੁਸ ਨੇ ਗਵਾਹਾਂ ਨੂੰ ਰਿਸ਼ਵਤ ਦਿੱਤੀ ਹੋਵੇਗੀ (22:3; 23:1)। [22]''ਕੁਫ਼ਰ'' ਕਿਸੇ ਦੇ ''ਖਿਲਾਫ਼ ਬੋਲੀਆਂ ਗਈਆਂ'' ਗੱਲਾਂ ਨੂੰ ਕਿਹਾ ਜਾਂਦਾ ਹੈ। ਅਰਥਾਵਲੀ ਵਿਚ ਵੇਖੋ ''ਕੁਫ਼ਰ ਬਕਣਾ।'' [23]ਬਹੁਤ ਸਾਰੇ ਗ੍ਰੰਥੀ ਅਤੇ ਫ਼ਰੀਸੀ ਸਨ। (ਅਰਥਾਵਲੀ ਵਿਚ ਵੇਖੋ ''ਗ੍ਰੰਥੀ।'' ''ਰਸੂਲਾਂ ਦੇ ਕੰਮ, ਭਾਗ 1'' ਕਿਤਾਬ ਦੀ ਅਰਥਾਵਲੀ ਵਿਚ ''ਫ਼ਰੀਸੀ'' ਵੀ ਵੇਖੋ)। ਹੁਣ ਤਕ ਮਸੀਹੀ ਲੋਕਾਂ ਨੂੰ ਸਤਾਉਣ ਵਿਚ ਸਦੂਕੀ ਹੀ ਮੋਹਰੀ ਸਨ। ਪਰ ਹੁਣ ਇਹ ਇਲਜ਼ਾਮ ਸੀ ਕਿ ਇਸਤੀਫ਼ਾਨ ਮੂਸਾ, ਸ਼ਰ੍ਹਾ ਅਤੇ ਯਹੂਦੀ ਰਵਾਇਤਾਂ ਦੇ ਖ਼ਿਲਾਫ਼ ਬੋਲਿਆ ਸੀ ਜਿਸ ਕਰਕੇ ਫ਼ਰੀਸੀ ਵੀ ਉਨ੍ਹਾਂ ਨਾਲ ਰਲ ਗਏ! [24]ਸਦੂਕੀ ਸਿਆਸੀ ਤੌਰ ਤੇ ਭਾਵੇਂ ਤਾਕਤਵਰ ਸਨ, ਪਰ ਆਮ ਲੋਕਾਂ ਤੇ ਉਨ੍ਹਾਂ ਦਾ ਪ੍ਰਭਾਵ ਘੱਟ ਸੀ। [25]ਯਿਸੂ ਨੇ ਵੇਖਿਆ ਸੀ ਕਿ ਲੋਕਾਂ ਦੀ ਰਾਏ ਕਿੰਨੀ ਛੇਤੀ ਐਤਵਾਰ ਨੂੰ ''ਹੋਸੰਨਾ'' ਦੇ ਨਾਰੇ ਲਾਉਣ ਤੋਂ ਸ਼ੁੱਕਰਵਾਰ ਨੂੰ ''ਉਹਨੂੰ ਸਲੀਬ ਦਿਓ'' ਤਕ ਬਦਲ ਸਕਦੀ ਹੈ! ਇਸਤੀਫ਼ਾਨ ਦੇ ਮਾਮਲੇ ਵਿਚ ਧਾਰਮਿਕ ਪ੍ਰਤਿਕ੍ਰਿਆ ਦੇ ਇਲਾਵਾ ਇਹ ਇਲਜ਼ਾਮ ਕਿ ਇਸਤੀਫ਼ਾਨ ਖ਼ੁਦਾ ਅਤੇ ਮੂਸਾ ਦੇ ਖ਼ਿਲਾਫ਼ ਬੋਲ

ਰਿਹਾ ਹੈ ਇਕ ਸਿਆਸੀ ਪ੍ਰਤੀਕ੍ਰਿਆ ਵੀ ਹੋਵੇਗੀ। ਯਰੂਸ਼ਲਮ ਦਾ ਅਰਥ ਪ੍ਰਬੰਧ ਇਸ ਗੱਲ ਤੇ ਅਧਾਰਤ ਸੀ ਕਿ ਉੱਥੇ ਹੈਕਲ ਸੀ (ਜਿਸ ਕਰਕੇ ਲੱਖਾਂ ਲੋਕ ਹਰ ਸਾਲ ਉੱਥੇ ਆਉਂਦੇ ਸਨ) ਅਤੇ ਇਸਤੀਫ਼ਾਨ ਉੱਤੇ ਹੈਕਲ ਦੇ ਖ਼ਿਲਾਫ਼ ਬੋਲਣ ਦਾ ਇਲਜ਼ਾਮ ਸੀ! (ਮੂਰਤੀਪੂਜਕਾਂ ਦੇ ਇਕ ਮੰਦਿਰ ਬਾਰੇ ਅਜਿਹੀ ਹੀ ਇਕ ਪ੍ਰਤੀਕ੍ਰਿਆ ਲਈ, ਵੇਖੋ ਰਸੂਲਾਂ ਦੇ ਕੰਮ 19:23-41।) [26]''ਲੈ ਗਏ'' ਦਾ ਮਤਲਬ ਇਹ ਨਹੀਂ ਕਿ ਉਹ ਇਸਤੀਫ਼ਾਨ ਨੂੰ ਖਿੱਚਦੇ ਹੋਏ, ਠੁੱਡ ਮਾਰਦੇ, ਘਸੀਟਦੇ ਹੋਏ ਸਭਾ ਦੇ ਕਮਰੇ ਤਕ ਲੈ ਗਏ (''ਰਸੂਲਾਂ ਦੇ ਕੰਮ, ਭਾਗ 1'' ਤੇ 5:26 ਤੇ ਨੋਟਸ ਵੇਖੋ)। ਯੂਨਾਨੀ ਸ਼ਬਦ ਦੇ ਅਨੁਵਾਦ ''ਲੈ ਗਏ'' ਆਮ ਤੌਰ ਤੇ ਉਨ੍ਹਾਂ ਦੇ ਇਸ ਕੰਮ ਦੀ ਉਮੀਦ ਨਾ ਹੋਣ ਵੱਲ ਧਿਆਨ ਦੁਆਉਂਦਾ ਹੈ। NIV ਵਿਚ ਇਸ ਵਿਚਾਰ ਦੀ ਝਲਕ ਮਿਲਦੀ ਹੈ: ''ਉਨ੍ਹਾਂ ਨੇ ਇਸਤੀਫ਼ਾਨ ਨੂੰ *ਫੜ੍ਹਿਆ*।'' [27]ਇਸਤੀਫ਼ਾਨ ਨੂੰ ਇਕੱਲੇ ਹੀ ਖੜੇ ਵਿਖਾਇਆ ਗਿਆ ਹੈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਕਾਰਵਾਈ ਬੰਦ ਕਮਰੇ ਵਿੱਚੋਂ ਹੋਈ ਸੀ ਅਤੇ ਰਸੂਲਾਂ ਵਿੱਚੋਂ ਵੀ ਉੱਥੇ ਕੋਈ ਵੜ ਨਹੀਂ ਸਕਦਾ ਸੀ। [28]ਯਹੂਦੀਆਂ ਦੀ ਸ਼ਰ੍ਹਾ ਦਾ ਜ਼ਬਾਨੀ ਨਿਯਮ ਸੀ, ਜਿਸ ਨੂੰ ਮੂਸਾ ਨੇ ਜ਼ਬਾਨੀ ਤੌਰ ਤੇ ਦਿੱਤਾ ਸੀ ਅਤੇ ਉਹ ਪੀੜ੍ਹੀ ਦਰ ਪੀੜ੍ਹੀ ਚਲਦਾ ਆ ਰਿਹਾ ਸੀ। ਇਸ ਤਰ੍ਹਾਂ ਉਹ ਪਰੰਪਰਾਵਾਂ/ਰਵਾਇਤਾਂ ਨੂੰ ਸ਼ਰ੍ਹਾ ਵਾਂਗ ਹੀ ਮਾਨਤਾ ਦਿੰਦੇ ਸਨ। ਸਾਫ਼ ਹੈ ਕਿ ਯਿਸੂ ਨੇ ਇਨ੍ਹਾਂ ਜ਼ਬਾਨੀ ਨਿਯਮਾਂ ਨੂੰ ਖ਼ੁਦਾ ਵੱਲੋਂ ਹੋਣ ਦੀ ਮਾਨਤਾ ਨਹੀਂ ਦਿੱਤੀ। ਉਹਨੇ ਸਿਖਾਇਆ ਕਿ ਸ਼ਰ੍ਹਾ ਵਿਚ *ਖ਼ੁਦਾ ਦੇ ਹੁਕਮ* ਸਨ, ਜਦ ਕਿ ਲਿਖਤ ਤੋਂ ਬਾਹਰ ਦੀਆਂ ਪਰੰਪਰਾਵਾਂ/ਰਵਾਇਤਾਂ *ਮਨੁੱਖ* ਦੇ ਹੁਕਮ ਸਨ। [29]ਯਿਸੂ 70 ਈਸਵੀ ਵਿਚ ਰੋਮੀਆਂ ਵੱਲੋਂ ਕੀਤੇ ਜਾਣ ਵਾਲੇ ਯਰੂਸ਼ਲਮ ਦੇ ਵਿਨਾਸ਼ ਦੀ ਗੱਲ ਕਰ ਰਿਹਾ ਸੀ। ਯਿਸੂ ਦੀ ਇਕ ਹੋਰ ਸਿੱਖਿਆ ਨੂੰ ਗਲਤ ਸਮਝਿਆ ਗਿਆ ਜਦ ਉਹਨੇ ਆਪਣੇ ਸਰੀਰ ਨੂੰ ''ਇਸ ਹੈਕਲ'' ਕਿਹਾ (ਵੇਖੋ ਯੂਹੰਨਾ 2:18-22; ਮਰਕੁਸ 14:58; 15:29)। [30]ਇਸਤੀਫ਼ਾਨ ਦੀ ਸੁਣਵਾਈ ਦੇ ਅਜੀਬ ਹੋਣ ਬਾਰੇ ਵੱਡਾ ਇਲਜ਼ਾਮ ਇਹ ਹੈ ਕਿ ਜੇ ਉਨ੍ਹਾਂ ਨੇ ਉੱਥੇ ਮੋਅਜਜ਼ਾ ਵੇਖਿਆ ਹੁੰਦਾ ਤਾਂ ਸਭਾ ਇਵੇਂ ਪ੍ਰਤੀਕ੍ਰਿਆ ਨਾ ਕਰਦੀ ਜਿਵੇਂ ਉਹਨੇ ਕੀਤੀ। ਪਰ ਸਭਾ ਦੇ ਸਖ਼ਤ ਦਿਲਾਂ ਵਿਚ ਹੋਰ ਮੋਅਜਜ਼ਿਆਂ ਨਾਲ ਵੀ ਤਾਂ ਵਿਸ਼ਵਾਸ ਪੈਦਾ ਨਹੀਂ ਹੋਇਆ (4:16)।

[31]ਮਹਾਯਾਜਕ ਜਾਂ ਤਾਂ ਹੰਨਾ ਸੀ ਜਾਂ ਕੈਫ਼ਾ। ਕਿਉਂਕਿ ਕਾਰਜਕਾਰੀ ਮਹਾਯਾਜਕ ਹੀ ਸਨਹੇਡ੍ਰਿਨ ਜਾਂ ਯਹੂਦੀਆਂ ਦੀ ਮਹਾਸਭਾ ਦੀ ਪ੍ਰਧਾਨਗੀ ਕਰਦਾ ਸੀ, ਇਸ ਕਰਕੇ ਮੈਂ ਮੰਨ ਲੈਂਦਾ ਹਾਂ ਕਿ ਕੈਫ਼ਾ ਹੀ ਮਹਾਯਾਜਕ ਸੀ। [32]ਇਸ ਤੋਂ ਇਹ ਪ੍ਰਭਾਵ ਮਿਲ ਸਕਦਾ ਹੈ ਕਿ ਉਨ੍ਹਾਂ ਨੇ ਇਸਤੀਫ਼ਾਨ ਨੂੰ ਦੰਦਾਂ ਨਾਲ ਕਟਣ ਦੀ ਕੋਸ਼ਸ਼ ਕੀਤੀ! ''ਉਸ ਉੱਤੇ'' ਨਾਲੋਂ ''ਉਸ ਉੱਪਰ'' ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਬਾਈਬਲ ਵਿਚ ਦੰਦ ਪੀਹਣਾ ਆਮ ਤੌਰ ਤੇ ਬਹੁਤ ਗੁੱਸਾ (ਅਯੂਬ 16:9; ਜ਼ਬੂਰ 35:16) ਜਾਂ ਮਾਯੂਸ ਹੋਣ (ਲੂਕਾ 13:28) ਦਾ ਸੰਕੇਤ ਹੈ। ਅੱਜ ਇਸ ਨੂੰ ਦਬਾਅ ਦੇ ਨਿਸ਼ਾਨ ਵੱਜੋਂ ਪਛਾਣਿਆ ਜਾਂਦਾ ਹੈ। [33]ਮੱਤੀ 8:12; 13:42, 50; 24:51; 25:30; ਲੂਕਾ 13:28. ਯੂਨਾਨੀ ਸ਼ਬਦ ਦੇ ਅਨੁਵਾਦ ''ਪੀਹਣਾ'' ਦਾ ਅਨੁਵਾਦ ''ਕੱਟਣਾ'' ਹੋ ਸਕਦਾ ਹੈ ਅਤੇ ਲੂਕਾ ਸਭਾ ਦੀ ਤੁਲਨਾ ਜੰਗਲੀ ਕੁੱਤਿਆਂ ਦੇ ਝੁੰਡ ਨਾਲ ਕਰ ਰਿਹਾ ਹੋਵੇਗਾ! [34]ਭਲਾ ਇਸ ਵਾਰੀ ਗਮਲੀਏਲ ਉੱਥੇ ਨਹੀਂ ਸੀ? ਭਲਾ ਉਹਨੇ ਦੂਜੀ ਵਾਰੀ ਸਭਾ ਦਾ ਵਿਰੋਧ ਕਰਨਾ ਠੀਕ ਨਹੀਂ ਸਮਝਿਆ? ਇਹ ਯਕੀਨ ਕਰਨਾ ਔਖਾ ਹੋਵੇਗਾ ਕਿ ਗਮਲੀਏਲ ਨੇ ਇਸ ਬੁਰੇ ਦਿਨ ਦੀ ਕਾਰਵਾਹੀ ਨੂੰ ਮੰਜ਼ੂਰੀ ਦੇ ਦਿੱਤੀ ਹੋਵੇਗੀ। [35]ਖ਼ੁਦਾ ਨੇ ਕਈ ਵਾਰ ਪੌਲੁਸ ਨੂੰ ਇਸ ਤਰ੍ਹਾਂ ਦੇ ਦਰਸ਼ਨ ਦਿੱਤੇ (ਵੇਖੋ 18:9,10; 23:11; 27:23, 24)। ਬੇਸ਼ੱਕ ਲੂਕਾ ਨੇ ਇਸ ਦਰਸ਼ਨ ਬਾਰੇ ਉਨ੍ਹਾਂ ਨੂੰ ਦਲੇਰ ਕਰਨ ਲਈ ਦੱਸਿਆ ਜਿਨ੍ਹਾਂ ਨੇ ਬਾਅਦ ਵਿਚ ਆਪਣੇ ਈਮਾਨ ਦੀ ਖ਼ਾਤਰ ਆਪਣੀ ਜਾਨ ਦੇ ਦੇਣੀ ਸੀ। [36]ਅਸੀਂ ਕਿਸੇ ਦੇ ਸਨਮਾਨ ਲਈ ਆਪਣੇ ਪੈਰਾ ਦੇ ਖਲੋ ਜਾਂਦੇ ਹਾਂ। ਹੋਰ ਸੁਝਾਅ ਦਿੱਤੇ ਗਏ ਹਨ ਕਿ ਯਿਸੂ ਨੂੰ ਬੈਠਾ ਹੋਣ ਦੇ ਬਜਾਏ ਖੜਾ ਕਿਉਂ ਵਿਖਾਇਆ ਗਿਆ ਹੈ। ਉਹ ਬਾਹਾਂ ਫੈਲਾ ਕੇ ਇਸਤੀਫ਼ਾਨ ਦਾ ਸਵਾਗਤ ਕਰਨ ਲਈ ਤਿਆਰ ਖੜਾ ਸੀ; ਉਹ ਇਸਤੀਫ਼ਾਨ ਦਾ ਮਦਦਗਾਰ ਹੋਣ ਲਈ ਅਤੇ ਖ਼ੁਦਾ ਦੇ ਕੋਲ ਉਹਦਾ ਇਕਰਾਰ ਕਰਨ ਲਈ ਖੜਾ ਸੀ; ਉਹ ਇਸਤੀਫ਼ਾਨ ਦੇ ਕਾਤਲਾਂ ਦਾ ਨਿਆਂ ਕਰਨ ਲਈ ਖੜਾ ਸੀ; ਆਦਿ। ਕਾਰਣ ਜੋ ਵੀ ਹੋਵੇ, ਜ਼ਿਆਦਾਤਰ ਟੀਕਾਕਾਰਾਂ ਦਾ ਮੰਨਣਾ ਹੈ ਕਿ ਇਸ ਤੱਥ ਵਿਚ ਕੋਈ ਖ਼ਾਸ ਕਾਰਣ ਹੈ ਕਿ ਯਿਸੂ ਨੂੰ ਖੜਾ ਵਿਖਾਇਆ ਗਿਆ ਹੈ। [37]ਇਹ ਮਸੀਹ ਨਾਲ ਜੁੜੀ ਸ਼ਬਦਾਵਲੀ ਹੈ (ਦਾਨੀਏਲ 7:13, 14) ਜਿਹਦੀ ਵਰਤੋਂ ਯਿਸੂ ਨੇ ਕਈ ਵਾਰ ਆਪਣੇ ਲਈ ਕੀਤੀ ਸੀ। [38]ਬੇਸ਼ੱਕ ਨਾ ਤਾਂ ਯਿਸੂ ਅਤੇ ਨਾ ਹੀ ਇਸਤੀਫ਼ਾਨ ਖ਼ੁਦਾ ਦੇ ਖ਼ਿਲਾਫ਼ ਕੁਫ਼ਰ ਬਕਣ ਦੇ ਦੋਸ਼ੀ ਸਨ, ਕਿਉਂਕਿ ਉਨ੍ਹਾਂ ਨੇ ਸੱਚ ਬੋਲਿਆ ਸੀ। [39]''ਆਖ਼ਰੀ ਤੀਲ੍ਹਾ'' ਮੁਹਾਵਰਾ ਹੈ ਜਿਸ ਤੋਂ ਸੰਕੇਤ ਮਿਲਦਾ ਹੈ ''[ਆਖ਼ਰੀ] ਤੀਲ੍ਹਾ ਜਿਹਨੇ [ਅਖ਼ੀਰ ਵਿਚ] ਊਠ ਦਾ ਲੱਕ ਤੋੜ ਦਿੱਤਾ [ਜੋ ਤੀਲਿਆਂ ਦੇ ਭਾਰ ਨਾਲ ਪਹਿਲਾਂ ਹੀ ਦੱਬਿਆ ਹੋਇਆ ਸੀ]।'' [40]ਦੂਜੇ ਦੇਸ਼ਾਂ ਵਿਚ ਰਹਿਣ ਵਾਲੇ ਇਹਦੀ ਥਾਂ ਆਪਣੇ ਦੇਸ਼ ਦੀ ਸਰਵਉੱਚ ਅਦਾਲਤ ਜੋੜ ਸਕਦੇ ਹਨ।

[41]ਵਿਦਵਾਨਾਂ ਨੂੰ ਇਹ ਸਮਝ ਨਹੀਂ ਆਉਂਦਾ ਕਿ ''ਸਭਾ ਇਸ ਤੋਂ ਕਿਵੇਂ ਬਚੀ'' ਕਿਉਂਕਿ ਰੋਮੀਆਂ ਨੇ ਮੌਤ ਦੀ ਸਜ਼ਾ ਦੇਣ ਦਾ ਹੱਕ (ਹੈਕਲ ਨੂੰ ਅਸ਼ੁੱਧ ਕਰਨ ਨੂੰ ਛੱਡ ਕੇ) ਸਭਾ ਤੋਂ ਲੈ ਲਿਆ ਸੀ। (1) ਹੋ ਸਕਦਾ ਹੈ ਕਿ ਉਹ

''ਇਸ ਤੋਂ ਬਚੇ'' ਨਾ ਹੋਣ ਪਰ ਲੂਕਾ ਸਾਨੂੰ ਰੋਮ ਦੀ ਪ੍ਰਤੀਕ੍ਰਿਆ ਨਹੀਂ ਦੱਸਦਾ। (2) ਇਸ ਵਿਚ ਹੈਕਲ ਦੇ ਦਖ਼ਲ ਕਾਰਣ ਹੋ ਸਕਦਾ ਹੈ ਕਿ ਉਨ੍ਹਾਂ ਨੇ ਰੋਮੀ ਅਧਿਕਾਰੀਆਂ ਨੂੰ ਮਨਾ ਲਿਆ ਹੋਵੇ ਕਿ ਇਸਤੀਫ਼ਾਨ ਨੇ ''ਹੈਕਲ ਨੂੰ ਅਪਵਿੱਤਰ'' ਕੀਤਾ ਹੈ। (3) ਹੋ ਸਕਦਾ ਹੈ ਕਿ ਜੋ ਕੁਝ ਹੋਇਆ, ਉਹਦੀ ਤਸਦੀਕ ਕਰਨ ਵਿਚ ਰੋਮੀ ਅਧਿਕਾਰੀ ਕਾਮਯਾਬ ਨਾ ਹੋਏ ਹੋਣ (ਰੋਮੀ ਰਾਜਪਾਲ ਪਰਬ ਦੇ ਦਿਨਾਂ ਨੂੰ ਛੱਡ ਕੇ ਬਾਕੀ ਸਮਾਂ ਕੈਸਰੀਆ ਵਿਚ ਹੀ ਰਹਿੰਦਾ ਸੀ)। (4) ਹੋ ਸਕਦਾ ਹੈ ਕਿ ਰੋਮੀ ਅਧਿਕਾਰੀਆਂ ਨੂੰ ਇਸ ਘਟਨਾ ਦਾ ਪਤਾ ਹੋਵੇ ਪਰ ਉਨ੍ਹਾਂ ਨੇ ਇਸ ਨੂੰ ਹੋਰ ਨਜ਼ਰੀਏ ਨਾਲ ਵੇਖਣ ਦਾ ਫੈਸਲਾ ਲਿਆ ਹੋਵੇ। ਪਵਿੱਤਰ ਆਤਮਾ ਨੇ ਇਹ ਜ਼ਰੂਰੀ ਨਹੀਂ ਸਮਝਿਆ ਕਿ ਸਾਨੂੰ ਉਹਦਾ ਪਤਾ ਹੋਣਾ ਚਾਹੀਦਾ ਹੈ। [42]ਸਾਨੂੰ ਕਿਸੇ ਤਰਕਸੰਗਤ ਚਰਚਾ, ਵੋਟ ਜਾਂ ਅਧਿਐਨ ਕੀਤੇ ਗਏ ਫੈਸਲੇ ਦਾ ਸੰਕੇਤ ਨਹੀਂ ਮਿਲਦਾ। ਇਹ ਬੇਕਾਬੂ ਭੀੜ ਦਾ ਕੰਮ ਸੀ। [43]ਇਹ ਲਿਖਤ ਤੋਂ ਬਾਹਰ ਦੀ ਯਹੂਦੀ ਪਰੰਪਰਾ ਬਾਅਦ ਵਿਚ ਟਾਲਮੁਡ ਵਿਚ ਸੰਕੇਤ ਵਿਚ ਲਿਖੀ ਗਈ ਜਿਸ ਨੂੰ ''ਸ਼ਰ੍ਹਾ ਦੀਆਂ ਯਹੂਦੀਆਂ ਦੀਆਂ ਵਿਆਖਿਆਵਾਂ'' ਕਿਹਾ ਜਾ ਸਕਦਾ ਹੈ। [44]''ਜਵਾਨ'' ਤੋਂ ਸਿਰਫ਼ ਇਹੀ ਸੰਕੇਤ ਮਿਲਦਾ ਹੈ ਕਿ ਸੌਲੁਸ ਚਾਲੀ ਸਾਲ ਤੋਂ ਘੱਟ ਉਮਰ ਦਾ ਸੀ। ਉਹ ਇਸ ਸਮੇਂ ਤੀਹ ਤੋਂ ਪੈਂਤੀ ਸਾਲ ਦੇ ਦਰਮਿਆਨ ਹੋਵੇਗਾ। [45]ਇਸ ਤੇ ਕਾਫ਼ੀ ਬਹਿਸ ਹੋ ਚੁੱਕੀ ਹੈ ਕਿ ਸੌਲੁਸ ਸਭਾ ਦਾ ਮੈਂਬਰ ਸੀ ਜਾਂ ਨਹੀਂ। ਇਸ ਭਾਗ ਵਿਚ ਸੌਲੁਸ ਦੀ ਮਨਬਦਲੀ ਇਸ ਉਪਦੇਸ਼ ਦੀ ਚਰਚਾ ਵੇਖੋ। [46]''ਚਰਨਾਂ 'ਚ'' ਆਮ ਤੌਰ ਤੇ ਅਧੀਨਤਾ ਦਾ ਸੰਕੇਤ ਦਿੰਦਾ ਹੈ (4:35, 37; 5:2 ਤੇ ਨੋਟਸ ਵੇਖੋ) ਅਤੇ ਸੌਲੁਸ ਮਸੀਹੀ ਲੋਕਾਂ ਦੇ ਖ਼ਿਲਾਫ਼ ਸ਼ੁਰੂ ਹੋਏ ਉਸ ਸਤਾਅ ਨੂੰ ਹੱਲਾਸ਼ੇਰੀ ਦੇਣ ਵਾਲਾ ਜੋ ''ਓਸ ਦਿਨ'' ਤੋਂ ਸ਼ੁਰੂ ਹੋਈ ਜਦ ਇਸਤੀਫ਼ਾਨ ਮਾਰਿਆ ਗਿਆ ਸੀ (8:1), ਇਸ ਕਰਕੇ ਸੌਲੁਸ ਉਹਦੇ ਕਤਲ ਦਾ ਜ਼ਿੰਮੇਵਾਰ ਹੈ। ਸੌਲੁਸ ਨੇ ਕਦੇ ਵੀ ਇਹ ਦਾਅਵਾ ਨਹੀਂ ਕੀਤਾ ਜਦ ਕਿ ਮਸੀਹੀ ਲੋਕ ਮਾਰੇ ਜਾ ਰਹੇ ਸਨ ਤਾਂ ਉਹ ਉੱਥੇ ਖੜਾ ਵੇਖ ਹੀ ਰਿਹਾ ਹੁੰਦਾ ਸੀ (26:10)। [47]ਬਾਅਦ ਦੀਆਂ ਪੀੜ੍ਹੀਆਂ ਵਿਚ ਸਪਸ਼ਟ ਹਦਾਇਤਾਂ ਦਿੱਤੀਆਂ ਗਈਆਂ ਕਿ ਪਥਰਾਅ ਕਿਵੇਂ ਹੋਣਾ ਚਾਹੀਦਾ ਹੈ। ਇਹ ਪਤਾ ਨਹੀਂ ਹੈ ਕਿ ਜਦ ਇਸਤੀਫ਼ਾਨ ਨੂੰ ਪੱਥਰਵਾਹ ਕੀਤਾ ਜਾ ਰਿਹਾ ਸੀ, ਉਸ ਵੇਲੇ ਇਹ ਮਾਪਦੰਡ ਲਾਗੂ ਸਨ ਜਾਂ ਨਹੀਂ। ਇਸ ਗੱਲ ਤੋਂ ਕਿ ਇਸਤੀਫ਼ਾਨ ਝੁਕ ਸਕਿਆ ਸੀ (ਆਇਤ 60), ਮੈਨੂੰ ਯਕੀਨ ਹੈ ਕਿ ਉਹਨੂੰ ਪੱਥਰ ਮਾਰਨਾ ਲੋਕਾਚਾਰੀ ਨਹੀਂ ਸੀ। [48]ਇਹ ਉਨ੍ਹਾਂ ਕੁਝ ਸਮਿਆਂ ਵਿੱਚੋਂ ਇਕ ਹੈ ਜਿੱਥੇ ਲਿਖਤ ਵਿਚ ਪ੍ਰਾਰਥਨਾ ਯਿਸੂ ਅੱਗੇ ਕੀਤੀ ਗਈ ਹੋਵੇ। ਇਹ ਵਿਖਾਉਂਦਾ ਹੈ ਕਿ ਯਿਸੂ ਅੱਗੇ ਕੀਤੀ ਦੁਆ ਗਲਤ ਨਹੀਂ ਹੈ (ਕਈ ਗੀਤ ਜਿਹੜੇ ਅਸੀਂ ਗਾਉਂਦੇ ਹਾਂ, ਸਿੱਧੇ ਤੌਰ ਤੇ ਯਿਸੂ ਨੂੰ ਵਡਿਆਈ ਦਿੰਦੇ ਹਨ), ਪਰ ਯਿਸੂ ਤੋਂ ਸਿੱਧੇ ਦੁਆ ਕਰਨ ਦੀਆਂ ਬਹੁਤ ਘੱਟ ਉਦਾਹਰਣਾਂ ਹਨ, ਇਹ ਦੁਆਵਾਂ ਨਿਅਮ ਨਾ ਹੋ ਕੇ *ਅਪਵਾਦ* ਹੀ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਨਿਅਮ ਇਹ ਹੈ ਕਿ ਦੁਆ ਯਿਸੂ *ਦੇ ਰਾਹੀਂ* ਖ਼ੁਦਾ ਸਾਹਮਣੇ ਹੋਵੇ (1 ਤਿਮੋਥਿਉਸ 2:5; ਯੂਹੰਨਾ 16:23, 24)। [49]ਮੂਲ ਲਿਖਤ ਵਿਚ ਹੈ ''(ਆਪਣੇ) ਗੋਡੇ ਟੇਕ ਕੇ'' ਜੋ ਜਾਣ ਬੁੱਝ ਕੇ ਕੀਤੇ ਕੰਮ ਦਾ ਸੰਕੇਤ ਹੈ। ''ਗੋਡੇ ਟੇਕ ਕੇ'' ਤੋਂ ਭਾਵ ਇਹ ਹੋਵੇਗਾ ਕਿ ਇਸਤੀਫ਼ਾਨ ਅਜੇ ਤਕ ਖੜਾ ਹੀ ਸੀ ਅਤੇ ਹੁਣ ਉਹ ਝੁਕ ਗਿਆ ਸੀ। ਪਰ ਹੋ ਸਕਦਾ ਹੈ ਕਿ ਉਹ ਜ਼ਮੀਨ ਤੇ ਪਿਆ ਹੋਵੇ ਅਤੇ ਗੋਡਿਆਂ ਭਾਰ ਝੁਕ ਗਿਆ ਹੋਵੇ। ਜੋ ਵੀ ਹੋਵੇ, ਉਹਨੇ ਆਪਣੇ ਸਤਾਉਣ ਵਾਲਿਆਂ ਲਈ ਝੁਕ ਕੇ ਦੁਆ ਕਰਨ ਦੀ ਹੀ ਇੱਛਾ ਕੀਤੀ ਸੀ। [50]ਯਿਸੂ ਨੇ ਮੌਤ ਨੂੰ ਨੀਂਦ ਕਿਹਾ (ਯੂਹੰਨਾ 11:11) ਅਤੇ ਨਵੇਂ ਨੇਮ ਦੇ ਲੇਖਕਾਂ ਨੇ ਇਸ ਵਾਕ ਰਚਨਾ ਨੂੰ ਅਪਨਾ ਲਿਆ (1 ਥੱਸਲੁਨੀਕੀਆਂ 4:13)। ਇਹ ਸਰੀਰ ਦੀ ਗੱਲ ਹੈ, ਨਾ ਕਿ ਰੂਹ ਦੀ; ਇਹ ਜ਼ੋਰ ਦਿੰਦਾ ਹੈ ਕਿ ਮੌਤ ਅਖ਼ੀਰ ਨਹੀਂ ਹੈ, ਕਿਉਂਕਿ ਸਰੀਰਕ ਜੀ ਉੱਠਣ ਹੋਵੇਗਾ (1 ਕੁਰਿੰਥੀਆਂ 15)। ਕਬਰਸਤਾਨ ਲਈ ਅੰਗ੍ਰੇਜ਼ੀ ਦੇ ਸ਼ਬਦ ''cemetery'' ਦਾ ਸ਼ਬਦੀ ਅਰਥ ''ਨੀਂਦ ਦੀ ਥਾਂ'' ਹੈ।

[51]ਇਸਤੀਫ਼ਾਨ ਦੀ ਦੁਆ ਪੁਰਾਣੇ ਨੇਮ ਦੇ ਇਕ ਦੂਤ ਦੀ ਦੁਆ ਦੇ ਉਲਟ ਹੈ ਜਿਸ ਨੂੰ ਆਪਣੇ ਵਿਸ਼ਵਾਸ ਕਰਕੇ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਗਿਆ ਸੀ। ਉਸ ਦੂਤ ਨੇ ਦੁਆ ਕੀਤੀ ਸੀ ''ਯਹੋਵਾਹ ਇਸ ਨੂੰ ਵੇਖੇ ਅਤੇ ਬਦਲਾ ਲਵੇ!'' (2 ਇਤਿਹਾਸ 24:22)। [52]ਇਸ ਗੱਲ ਨੂੰ ਬਹੁਤ ਸਾਰੇ ਲੇਖਕਾਂ ਨੇ ਦੁਹਰਾਇਆ ਹੈ, ਭਾਵੇਂ ਅਸੀਂ ਸੌਲੁਸ ਤੇ ਇਸਤੀਫ਼ਾਨ ਦੀ ਮੌਤ ਦੇ ਪੂਰੇ ਅਸਰ ਨੂੰ ਕਦੇ ਨਹੀਂ ਸਮਝ ਪਾਵਾਂਗੇ। ਪਰ ਯਿਸੂ ਨੇ ਬਾਅਦ ਵਿਚ ਕਿਹਾ ਕਿ ''ਪ੍ਰੈਣ ਦੀ ਆਰ ਉੱਤੇ ਲੱਤ ਮਾਰਨੀ'' ਸੌਲੁਸ ਲਈ ਔਖੀ ਸੀ (26:14), ਜੋ ਇਸ ਗੱਲ ਵੱਲ ਇਸ਼ਾਰਾ ਹੈ ਕਿ ਯਿਸੂ ਕਈ ਗੱਲਾਂ ਨੂੰ ''ਪ੍ਰੈਣ'' ਬਣਾ ਕੇ ਵਰਤ ਰਿਹਾ ਸੀ ਅਤੇ ਉਹਦੇ ਲਈ ਉਨ੍ਹਾਂ ਦੀ ਉਮੀਦ ਕਰਨਾ ਦਰਦਨਾਕ ਸੀ। ਇਸਤੀਫ਼ਾਨ ਦੀ ਦਰਦਨਾਕ ਯਾਦ ਵੀ ਉਨ੍ਹਾਂ ਵਿੱਚੋਂ ਇਕ ਹੋਵੇਗੀ। ਇਹ ਗੱਲ ਕਿ ਲੂਕਾ ਨੇ ਜ਼ੋਰ ਦਿੱਤਾ ਕਿ ਸੌਲੁਸ ਉੱਥੇ ਮੌਜੂਦ ਸੀ, ਸੁਝਾਅ ਦਿੰਦਾ ਹੈ ਕਿ ਗੱਲ ਇਹੀ ਸੀ। [53]''ਨਾਸ ਕਰਦਾ'' (8:3) ਤੇ ਇਸ ਕਿਤਾਬ ਵਿਚ ਅੱਗੇ ਦਿੱਤੇ ਪਾਠ ''ਫੈਲਦੀ ਲਾਟ'' ਵਿਚ ਨੋਟਸ ਵੇਖੋ।